ਅੱਜ ਦੀ ਆਵਾਜ਼



# ਕਿਸਾਨਾਂ ਨੇ ਕੱਢਿਆ ਨੰਗੇ ਧੜ ਜਲੂਸ, ਲਾਇਆ ਜਾਮ

ਮੁਕਤਸਰ 19 ਫਰਵਰੀ (ਸੁਰੇਸ਼ ਗਰਗ)– ਅਪਣੀਆਂ ਮੰਗਾਂ ਨੂੰ ਲੈ ਕੇ ਅੱਜ ਭਾਰਤੀ ਕਿਸਾਨ ਯੂਨੀਅਨ ਮੁਕਤਸਰ ਵੱਲੋਂ ਸ਼ਹਿਰ ਦੇ ਬਜਾਰਾਂ ਵਿਚੋ ਨੰਗੇ ਧੜ ਹੋ ਕੇ ਰੋਸ ਰੈਲੀ ਕੱਢੀ ਗਈ ਅਤੇ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਚੱਕਾ ਜਾਮ ਕਰਕੇ ਧਰਨਾ ਦੇ ਕੇ ਅਪਣਾ ਰੋਸ ਜਿਤਾਇਆ। ਅਤੇ ਦੀ. ਸੀ ਮੁਕਤਸਰ ਨੂੰ ਮੰਗ ਪੱਤਰ ਵੀ ਸੋਂਪਿਆ ਗਿਆ। ਕਿਸਾਨ ਯੂਨੀਅਨ ਦੇ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਸੁਖਬੀਰ ਕਾਲੀਆ ਰਿਪੋਰਟ ਨੂੰ ਮਨਜੂਰੀ ਦਿੱਤੇ ਜਾਣ ਤੇ ਪੁਰਜੋਰ ਸਬਦਾਂ ਵਿਚ ਨਿਦਿਆ ਕੀਤੀ ਹੈ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਸ੍ਰੋਮਣੀ ਅਕਾਲੀ ਦੱਲ ਵੱਲੋ ਚੋਣ ਮਨੋਰਥ ਪੱਤਰ ਵਿਚ ਕਿਸਾਨਾਂ ਨੂੰ ਮੁਫਤ ਬਿਜਲੀ ਪਾਣੀ ਦੇਣ ਅਤੇ ਹੋਰ ਵੇਤੀ ਸਹੂਲਤਾਂ ਦੇਣ ਦਾ ਵਾਅਦਾ ਕਿਤਾ ਸੀ ਪਰ ਹੁਣ ਪੰਜਾਬ ਦੇ ਉਪ ਮੁੱਖ ਮੰਤਰੀ ਅਤੇ ਉਦਯੋਗ ਮੰਤਰੀ ਮਨੋਰੰਜਨ ਕਾਲੀਆ ਨੇ ਕਿਸਾਨਾਂ ਉਪਰ ਟਿਊਬਲ ਕੁਨੈਕਸ਼ਨ ਲਾ ਕੇ ਜਿਥੇ ਚੋਣ ਮੈਨੋਫੈਸਟੋ ਦੇ ਵਾਅਦੇ ਨੂੰ ਤੋੜਿਆ ਹੈ ਉਥੇ ਪਹਿਲਾਂ ਹੀ ਆਰਥਿਕ ਮੰਦੀ ਚੋਂ ਗੁਜਰ ਰਹੇ ਕਿਸਾਨਾਂ ਨੂੰ ਹੋਰ ਕਮਜੋਰ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਕਿਸਾਨਾਂ ਅਕਾਲੀ ਭਾਜਪਾ ਸਰਕਾਰ ਨੇ ਨਹਿਰੀ ਪਾਣੀ ਉਪਰ ਆਬਿਆਨਾ ਲਾ ਕੇ ਜਿਥੇ ਅਪਣੇ ਚੋਣ ਵਾਅਦੇ ਨੂੰ ਤੋੜਿਆ ਹੈ ਉਥੇ ਕਿਸਾਨਾਂ ਉਪਰ ਕਰੋੜਾ ਰੋਪਏਆ ਦਾ ਬੋਝ ਪਾ ਦਿੱਤਾ ਹੈ। ਅਪਣੇ ਮੰਗ ਪੱਤਰ ਵਿਚ ਰਿਪੋਰਟ ਨਾ ਪੇਸ਼ ਕਰਨ ਦੀ ਮੰਗ ਕੀਤੀ ਹੈ।ਇਸ ਮੋਕੇ ਉਨ੍ਹਾਂ ਨਾਲ ਬੇਅੰਤ ਸਿੰਘ ਬਲਮਗੜ੍ਹ, ਜਗਜੀਤ ਸਿੰਘ ਸੰਗੂਧੋਂਣ, ਜਗਦੇਵ ਸਿੰਘ ਕਾਨਿਆਵਾਲੀ, ਹਰਫੂਲ ਸਿੰਘ, ਹਰਚਰਨ ਸਿੰਘ, ਅਵਤਾਰ ਸਿੰਘ ਅਤੋ ਇਲਾਵਾ ਵੱਡੀ ਗਿਣਤੀ ਵਿਚ ਕਿਸਾਨ ਆਗੂ ਸ਼ਾਮਿਲ ਸਨ।

## ਗੁਰੂ ਕੀ ਨਗਰੀ 'ਚ ਸ਼ਹਿਰ ਦੀ ਪੁਰਾਣੀ ਚਾਰ ਦੀਵਾਰੀ ਨਾਲ ਸ਼ਰਾਬ ਦੇ ਠੇਕਿਆਂ ਦੀ ਥਾਂ 'ਤੇ ਸੂਚਨਾ ਕੇਂਦਰ ਖੋਲ੍ਹਣ ਦੀ ਮੰਗ

ਅੰਮ੍ਰਿਤਸਰ, 19 ਫਰਵਰੀ (ਮੋਤਾ ਸਿੰਘ)–ਅੰਮ੍ਰਿਤਸਰ ਵਿਕਾਸ ਮੰਚ ਨੇ ਸ਼ਹਿਰ ਦੀ ਪੁਰਾਣੀ ਚਾਰ ਦੀਵਾਰੀ ਦੇ ਨਾਲ ਸ਼ਰਾਬ ਦੇ ਠੇਕਿਆਂ ਦੀ ਥਾਂ 'ਤੇ ਯਾਤਰੂਆਂ ਦੀ ਸਹੂਲਤ ਵਾਸਤੇ ਸੂਚਨਾ ਕੇਂਦਰ ਖੋਲਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ, ਲੋਕ ਸਭਾ ਮੈਂਬਰ ਸ. ਨਵਜੋਤ ਸਿੰਘ ਸਿੱਧੂ ਅਤੇ ਮੇਅਰ ਸ੍ਰੀ ਸ਼ਵੇਤ ਮਲਕ ਨੂੰ ਲਿਖੇ ਪੱਤਰਾਂ ਵਿੱਚ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਸ਼ਹਿਰ ਦੇ ਇਤਿਹਾਸਕ ਦਰਵਾਜ਼ੇ ਸ਼ਹਿਰੀਆਂ ਅਤੇ ਯਾਤਰੂਆਂ ਦੇ ਲਾਂਘੇ ਲਈ ਅਹਿਮ ਸਥਾਨ ਹਨ ਪਰ ਇਨ੍ਹਾਂ ਦਰਵਾਜ਼ਿਆਂ ਦੇ ਨਾਲ ਖੁੱਲੇ ਸ਼ਰਾਬ ਦੇ ਠੇਕੇ ਬਹੁਤ ਹੀ ਬੁਰਾ ਪ੍ਰਭਾਵ ਪਾਉਂਦੇ ਹਨ। ਇਨ੍ਹਾਂ ਦੀ ਥਾਂ 'ਤੇ ਯਾਤਰੂਆਂ ਦੀ ਜਾਣਕਾਰੀ ਲਈ ਇਥੇ ਐਸਾ ਲਿਟਰੇਚਰ ਰੱਖਿਆ ਜਾਵੇ ਜਿਸ ਤੋਂ ਉਨ੍ਹਾਂ ਨੂੰ ਅੰਮ੍ਰਿਤਸਰ, ਪੰਜਾਬ ਅਤੇ ਇਸਦੇ ਨਾਲ ਦੇ ਸੂਬਿਆਂ ਦੇ ਤੀਰਥ ਅਸਥਾਨਾਂ, ਪੁਰਾਣੀਆਂ ਇਤਿਹਾਸਿਕ ਇਮਾਰਤਾਂ, ਹੋਟਲਾਂ, ਟੈਕਸੀ ਸਟੈਂਡਾਂ, ਰੇਲਵੇ ਸਟੇਸ਼ਨਾਂ, ਹਵਾਈ ਅੱਡਿਆਂ, ਬਸ ਸਟੈਂਡਾਂ, ਸਰਾਵਾਂ, ਖ੍ਰੀਦੋ ਫਰੋਖਤ ਕਰਨ ਵਾਲੀਆਂ ਮਹੱਤਵਪੂਰਨ ਸਥਾਨਾਂ, ਪੁਸਤਕਾਂ ਦੀਆਂ ਦੁਕਾਨਾਂ ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇ। ਇਥੇ ਪੀ.ਸੀ.ਓ. ਵੀ ਖੋਲ੍ਹੇ ਜਾਣ ਜਿਥੋਂ ਯਾਤਰੂ ਲੋੜ ਪੈਣ 'ਤੇ ਟੈਲੀਫੋਨ ਕਰ ਸਕਣ।

# ਪਰਵਾਸੀ ਭਾਰਤੀਆਂ ਵੱਲੋਂ ਸਿਕਲੀਗਰ ਭਾਈਚਾਰੇ ਲਈ ਮਾਇਆ ਦਾਨ

ਮਾਨਸਾ, 19 ਫਰਵਰੀ (ਦਵਿੰਦਰ ਸਿੰਘ ਕੋਹਾਲੀ)–ਗੁਰੂ ਅੰਗਦ ਦੇਵ ਵਿੱਦਿਅਕ ਅਤੇ ਭਲਾਈ ਕੌਂਸਲ (ਰਜਿ.) ਲੁਧਿਆਣਾ ਬਰਾਂਚ ਮਾਨਸਾ ਵੱਲੋਂ ਸਿਕਲੀਗਰ ਅਤੇਹੋਰ ਕਮਜ਼ੋਰ ਵਰਗਾਂ ਦੀ ਭਲਾਈ ਲਈ ਆਰੰਭੇ ਕਾਰਜ ਤਹਿਤ ਸਰਦਾਰ ਮੁਖਿੰਦਰਪਾਲ ਸਿੰਘ ਐੱਨ.ਆਰ.ਆਈ. ਕੈਨੇਡਾ ਨਿਵਾਸੀ ਪਿਛਲੇ ਦਿਨੀਂ ਪੰਜਾਬ ਪੁੱਜੇ। ਉਨ੍ਹਾਂ ਨਾਲ ਭਲਾਈ ਕੌਂਸਲ ਦੀ ਟੀਮ ਦੇ ਮੈਂਬਰ ਸ੍ਰ. ਸੁਖੇਦਵ ਸਿੰਘ ਐੱਸ.ਡੀ.ਓ., ਸ੍ਰ. ਅਮਰੀਕ ਸਿੰਘ ਲੁਧਿਆਣਾ, ਸ੍ਰ. ਹੀਰਾ ਸਿੰਘ ਨਰੂਲਾ ਮਾਨਸਾ ਅਤੇ ਮਾ. ਕਸ਼ਮੀਰ ਸਿੰਘ ਸਿਕਲੀਗਰ ਬਸਤੀ ਸੁਨਾਮ ਪੁੱਜੇ।ਥ ਸਰਵੇ ਕਰਨ ਉਪਰੰਤ 21000 ਰੁਪਏ ਬਲਵੀਰ ਸਿੰਘ ਸਿਕਲੀਗਰ ਵੀਰ ਦੇ ਲਈ ਅਤੇ 4000 ਰੁਪਏ ਬਿੱਲ ਸਿੰਘ ਸਿਕਲੀਗਰ ਵੀਰ ਦੇ ਦਰਵਾਜ਼ੇ ਦੇ ਲਈ ਅਤੇ ਇਸ ਤੋਂ ਇਲਾਵਾ ਭਲਾਈ ਕੌਂਸਲ ਵੱਲੋਂ ਇੰਦਰਾ ਬਸਤੀ ਸੁਨਾਮ ਵਿਖੇ ਲੜਕੀਆਂ ਲਈ ਸਿਲਾਈ ਸੈਂਟਰ ਦੀ ਪ੍ਰਵਾਨਗੀ ਦਿੱਤੀ ਗਈ, ਜਿੱਥੇ ਕਮਜ਼ੋਰ ਵਰਗ ਦੀਆਂ ਲੜਕੀਆਂ ਲਈ ਫਰੀ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਇਹ ਬੱਚੀਆਂ ਸਮੇਂ ਦੇ ਹਾਣੀ ਹੋ ਸਕਣ ਤੇ ਆਪਣਾ ਜੀਵਨ ਪੱਧਰ ਉੱਚਾ ਕਰ ਸਕਣ। ਸਿਕਗੀਗਰ ਬਸਤੀ ਠੂਠਿਆਂਵਾਲੀ ਰੋਡ ਮਾਨਸਾ ਵਿਖੇ ਇੱਕ ਨਲਕਾ ਲਗਵਾ ਕੇ ਦਿੱਤਾ, ਜਿਸ 'ਤੇ 4500 ਰੁਪਏ ਖਰਚਾ ਆਇਆ। ਉਸ ਤੋਂ ਉਪਰੰਤ ਐੱਨ.ਆਰ.ਆਈ. ਵੀਰ ਸ੍ਰ. ਬਲਵੰਤ ਸਿੰਘ ਭੀਖੀ ਨਾਲ ਬਠਿੰਡਾ ਪੁੱਜੇ ਜਿੱਥੇ ਸਿਕਲੀਗਰ ਬਸਤੀ ਲਈ 40000 ਰੁਪਏ ਹਾਲ ਕਮਰੇ ਦੀ ਉਸਾਰੀ ਲਈ ਦਿੱਤੇ। ਸਮੁੱਚੀ ਸੰਸਥਾ ਇਸ ਨੇਕ ਕੰਮ ਲਈ ਐੱਨ.ਆਰ.ਆਈ. ਵੀਰ ਦੀ ਤਹਿ ਦਿੱਲੋਂ ਰਿਣੀ ਹੈ, 'ਜਿਨ੍ਹਾਂ ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ' ਗੁਰ ਵਾਕ ਪੂਰਾ ਕਰ ਵਿਖਾਇਆ। ਸਾਹਿਬ ਹੱਥ ਵਡਿਆਈਆਂ, ਜਿਸ ਭਾਵੇ ਤਿਸ ਦੇਹ' ਭਲਾਈ ਕੌਂਸਲ ਸਮੂਹ ਪੰਥ ਦਰਦੀਆਂ ਨੂੰ ਅਪੀਲ ਕਰਦੀ ਹੈ ਕਿ ਅਸੀਂ ਵੀ ਇਨ੍ਹਾਂ ਗਰੀਬ ਵੀਰਾਂ ਲਈ ਬਣਦਾ ਮਾਨ ਸਨਮਾਨ ਹਾਸਲ ਰਨ ਵੱਲ ਆਪਣੇ ਕਦਮ ਵਧਾਈਏ ਸਿੱਕ ਫਲਸਫੇ ਦੇ ਮਹਾਨ ਸਿਧਾਂਤ 'ਗਰੀਬ ਦਾ ਮੂੰਹ, ਗੁਰੂ ਕੀ ਗੋਲਕ'' ਦੇ ਪਾਂਧੀ ਬਣੀਏ। ਸਿੱਖ ਵਿਰਸੇ ਦੀ ਸੰਭਾਲ ਕਰੀਏ ਅਤੇ ਸਿੱਖੀ ਦੀ ਮਹਿਕ ਸੰਸਾਰ ਦੇ ਕੋਨੋ–ਕੋਨੇ ਵਿੱਚ ਪੁੱਜਦੀ ਕਰੀਏ।

## ਰਿਆਤ ਐਂਡ ਬਾਹਰਾ 'ਚ ਦੂਸਰਾ ਸਲਾਨਾ ਖੇਡ ਮੇਲਾ ਸ਼ੁਰੂ

ਮੋਹਾਲੀ 19 ਫਰਵਰੀ (ਵੀਨਾ ਰਾਜਪੂਤ) ਖੇਡ ਮੇਲਿਆਂ ਦੀ ਪਰੰਪਰਾਗਤ ਰਸਮ ਮਾਰਚ ਪਾਸਟ ਅਤੇ



'ਦੇਹ ਸ਼ਿਵਾ ਵਰ ਮੋਹਿ' ਸ਼ਬਦ ਨਾਲ ਅੱਜ ਰਿਆਤ ਐਂਡ ਬਾਹਰਾ ਗਰੁੱਪ ਆਫ਼ ਇੰਸਟੀਚਿਊਟਸ ਦੇ ਸਥਾਨਕ ਸਹੌੜਾ ਕੈਂਪਸ 'ਚ ਦੂਸਰਾ ਸਲਾਨਾ ਖੇਡ ਮੇਲਾ ਸ਼ੁਰੂ ਹੋ ਗਿਆ। ਦੋ ਦਿਨ ਚੱਲਣ ਵਾਲੀ ਇਸ ਸਪੋਰਟਸ ਮੀਟ ਦਾ ਉਦਘਾਟਨ ਰਿਆਤ ਐਂਡ ਬਾਹਰਾ ਗਰੁੱਪ ਦੇ ਵਾਇਸ ਚੇਅਰਮੈਨ ਸ੍ਰ. ਗੁਰਵਿੰਦਰ ਸਿੰਘ ਬਾਹਰਾ ਨੇ ਕੀਤਾ। ਜਦਕਿ ਪ੍ਰੋ. ਸੀ.ਐਮ. ਬਹਿਲ,ਏ.ਐਮ.ਡੀ. ਡਾ. ਸੰਦੀਪ ਕੌੜਾ ਅਤੇ ਕੈਂਪਸ ਡਾਇਰੈਕਟਰ ਡਾ. ਕੇਸਵ ਸ਼ਰਮਾ ਅਤੇ ਪ੍ਰੋ. ਕੇ.ਕੇ. ਉੱਪਲ ਇਸ ਮੌਕੇ ਉਪਰ ਉਚੇਚੇ ਤੌਰ 'ਤੇ ਮੌਜੂਦ ਸਨ। ਇਸ ਮੌਕੇ ਡਾਕਟਰ ਗੁਰਦੀਪ ਸਿੰਘ ਨੇ ਸਵਾਗਤੀ ਭਾਸ਼ਨ ਦੌਰਾਨ ਰਿਆਤ ਐਂਡ ਬਾਹਰਾ ਗਰੁੱਪ ਦੀ ਖੇਡ ਨੀਤੀ ਅਤੇ ਵਿਦਿਆਰਥੀਆਂ ਦੀਆਂ ਖੇਡ ਪ੍ਰਾਪਤੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਤੋਂ ਪਹਿਲਾਂ ਮਿਸ਼ਾਲ ਰੋਸ਼ਨ ਕੀਤੀ ਗਈ ਅਤੇ ਇੱਕ ਛੋਟਾ ਜਿਹਾ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਸਪੋਰਟਸ ਮੀਟ 'ਚ ਰਿਆਤ ਐਂਡ ਬਾਹਰਾ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਬਾਇਓਟੈਕਨੋਲੋਜੀ ਫਾਰ ਵੂਮੈਨ, ਰਿਆਤ ਐਂਡ ਬਾਹਰਾ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਬਾਇਓ ਟੈਕਨੋਲੋਜੀ, ਇੰਸਟੀਚਿਊਟ ਆਫ਼ ਫਾਰਮੇਸੀ, ਰਿਆਤ ਬਾਹਰਾ ਕਾਲਜ ਆਫ ਲਾਅ, ਰਿਆਤ–ਬਾਹਰਾ ਇੰਸਟੀਚਿਊਟ ਆਫ਼ ਮੈਨੇਜਮੈਂਟ ਸਮੇਤ ਰਿਆਤ ਐਂਡ ਬਾਹਰਾ ਗਰੁੱਪ ਦੇ ਸਾਰੇ ਇੰਸਟੀਚਿਊਟਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਲਾਅ ਕਾਲਜ ਦੇ ਮੁੰਡਿਆਂ ਦੀ 100 ਮੀਟਰ ਦੀ ਦੌੜ ਚ ਅਮਨਦੀਪ ਸਿੰਘ ਪਹਿਲੇ , ਕੰਵਰਪਾਲ ਸਿੰਘ ਦੂਜੇ, ਮੋਹਿਤ ਡਾਹਿਆ ਤੀਜੇ ਸਥਾਨ ਤੇ ਰਹੇ ।ਮੈਨੇਜਮੈਂਟ ਕਾਲਜ ਦੇ ਮੁੰਡਿਆਂ ਦੀ 100 ਮੀਟਰ ਦੀ ਦੌੜ ਚ ਗੁਰਪ੍ਰੀਤ ਸਿੰਘ ਪਹਿਲੇ , ਕਰਨਦੀਪ ਸਿੰਘ ਦੂਜੇ, ਰਣਵੀਰ ਸਿੰਘ ਤੀਜੇ ਸਥਾਨ ਤੇ ਰਹੇ।ਕੁੜੀਆਂ ਦੇ ਇੰਜੀਨੀਅਰਿੰਗ ਕਾਲਜ ਦੀ 50 ਮੀਟਰ ਦੀ ਦੌੜ ਚ ਸੁਪ੍ਰੀਤ ਕੌਰ ਪਹਿਲੇ , ਦੀਕਸ਼ਾ ਦੂਜੇ, ਰਿਸ਼ਿਭਾ ਤੀਜੇ ਸਥਾਨ ਤੇ ਰਹੇ। ਮੁੰਡਿਆਂ ਦੇ ਇੰਜੀਨੀਅਰਿੰਗ ਕਾਲਜ ਦੀ 100 ਮੀਟਰ ਦੀ ਦੌੜ ਚ ਸੰਦੀਪ ਸਿੰਘ ਪਹਿਲੇ , ਵਿਜੇ ਦੂਜੇ, ਪਰਭਤੇਜ ਤੀਜੇ ਸਥਾਨ ਤੇ ਰਹੇ। ਹੋਟਲ ਮੈਨੇਜਮੈਂਟ ਕਾਲਜ ਦੇ ਮੁੰਡਿਆਂ ਦੀ 100 ਮੀਟਰ ਦੀ ਦੌੜ ਚ ਰਾਂਝਣ ਪਹਿਲੇ, ਮਨਪ੍ਰੀਤ ਦੂਜੇ, ਮੋਹੰਮੇਦ ਤੀਜੇ ਸਥਾਨ ਤੇ ਰਹੇ। ਫਾਰਮੇਸੀ ਕਾਲਜ ਦੇ ਮੁੰਡਿਆਂ ਦੀ 100 ਮੀਟਰ ਦੀ ਦੌੜ ਚ ਅਮਰੀਸ਼ ਕੌਸ਼ਲ ਪਹਿਲੇ, ਅਸ਼ੀਸ਼ ਦੂਜੇ, ਸੰਜਮ ਤੀਜੇ ਸਥਾਨ ਤੇ ਰਹੇ। ਫਾਰਮੇਸੀ ਕਾਲਜ ਦੀ ਕੁੜੀਆਂ ਦੀ 50 ਮੀਟਰ ਦੀ ਦੌੜ ਚ ਮਲਿਕਾ ਪਹਿਲੇ, ਅਮਨਦੀਪ ਕੌਰ ਦੂਜੇ, ਨਵਿਤਾ ਤੀਜੇ ਸਥਾਨ ਤੇ ਰਹੇ। ਐਜੂਕੇਸ਼ਨ ਕਾਲਜ ਦੀ ਕੁੜੀਆਂ ਦੀ 50 ਮੀਟਰ ਦੀ ਦੌੜ ਚ ਨਵਜੋਤ ਪਹਿਲੇ, ਮਨਦੀਪ ਕੌਰ ਦੂਜੇ, ਰਮਨ ਤੀਜੇ ਸਥਾਨ ਤੇ ਰਹੇ। ਇੰਜੀਨੀਅਰਿੰਗ ਕਾਲਜ ਦੀ ਕੁੜੀਆਂ ਦੀ 50 ਮੀਟਰ ਦੀ ਦੌੜ ਚ ਲੁਭਾਵਣੀ ਪਹਿਲੇ, ਇਰਸ਼ੂ ਦੂਜੇ, ਕ੍ਰਿਤੀ ਦਾਤਾ ਤੀਜੇ ਸਥਾਨ ਤੇ ਰਹੇ। ਮੈਨੇਜਮੈਂਟ ਕਾਲਜ ਦੀ ਕੁੜੀਆਂ ਦੀ 50 ਮੀਟਰ ਦੀ ਦੌੜ ਚ ਅਕਾਂਕਸ਼ਾ ਗੁਪਤਾ ਪਹਿਲੇ, ਨੀਤੂ ਦੂਜੇ, ਸੁਮਨਪ੍ਰੀਤ ਕੌਰ ਤੀਜੇ ਸਥਾਨ ਤੇ ਰਹੇ।

ਕੁੜੀਆਂ ਦੇ ਇੰਜੀਨੀਅਰਿੰਗ ਕਾਲਜ ਦੀ 1500 ਮੀਟਰ ਦੀ ਦੌੜ ਚ ਪੂਨਮ ਪਹਿਲੇ, ਦੀਕਸ਼ਾ ਦੂਜੇ, ਸ਼ਿਲਪੀ ਤੀਜੇ ਸਥਾਨ ਤੇ ਰਹੇ। ਐਜੂਕੇਸ਼ਨ ਕਾਲਜ ਦੇ ਮੁੰਡਿਆਂ ਦੀ 100 ਮੀਟਰ ਦੀ ਦੌੜ ਚ ਗੁਰਪ੍ਰੀਤ ਸਿੰਘ ਪਹਿਲੇ, ਮਨਤੇਸ਼ ਕੁਮਾਰ ਦੂਜੇ, ਮਨਜੀਤ ਸਿੰਘ ਤੀਜੇ ਸਥਾਨ ਤੇ ਰਹੇ।

## ਬਾਦਲ ਕਾਲੀ ਸੂਚੀ 'ਚ ਸ਼ਾਮਲ ਸਿੱਖਾਂ ਦੀ ਵੀ ਸਾਰ ਲੈਣ

ਅੰਮ੍ਰਿਤਸਰ 19 ਫਰਵਰੀ (ਮੋਤਾ ਸਿੰਘ)–ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ 'ਤੇ ਦੋਸ਼ ਲਾਇਆ ਕਿ ਉਹ ਸਿੱਖਾਂ ਦੀ ਬਜਾਏ ਪਰਿਵਾਰ ਦੀ ਭਲਾਈ ਵੱਲ ਵਧੇਰੇ ਧਿਆਨ ਦੇਣ ਦੇ ਆਦੀ ਹਨ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਉਹ ਭਾਰਤ ਦੇ ਗ੍ਰਹਿ ਮੰਤਰੀ ਤੋਂ ਕਸ਼ਮੀਰੀ ਖਾੜਕੂਆਂ ਵਾਂਗ ਸਿੱਖ ਖਾੜਕੂਆਂ ਲਈ ਰਿਆਇਤ ਮੰਗਣ ਦੀ ਬਜਾਏ, ਪੰਜਾਬ ਦੀ ਨਾਭਾ ਜੇਲ੍ਹ ਵਿੱਚ ਕਈ ਸਾਲਾਂ ਤੋਂ ਨਜਾਇਜ਼ ਬੇਕਸੂਰੇ ਨਜ਼ਰਬੰਦ ਸਿੱਖਾਂ ਨੂੰ ਰਿਹਾਅ ਕਰਨ। ਉਨ੍ਹਾਂ ਨੇ ਜੇਲ੍ਹ ਵਿੱਚ ਨਜ਼ਰਬੰਦ ਇੱਕ ਸਿੱਖ ਮੇਜਰ ਸਿੰਘ ਦੀ ਉਦਾਹਰਣ ਵੀ ਦਿੱਤੀ, ਜੋ ਦੋ ਦਹਾਕਿਆਂ ਤੋਂ ਜੇਲ੍ਹ ਵਿੱਚ ਬੰਦ ਹੈ। ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਦੀ ਸ. ਬਾਦਲ ਦੀ ਮੰਗ 'ਤੇ ਟਿੱਪਣੀ ਕਰਦਿਆਂ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਵਾਜਪਾਈ ਦੀ ਸਰਕਾਰ ਸਮੇਂ ਸ. ਬਾਦਲ ਦੀ ਪਾਰਟੀ ਉਸ ਸਰਕਾਰ ਵਿੱਚ ਭਾਈਵਾਲ ਸੀ, ਉਦੋਂ ਤੋਂ ਸ. ਬਾਦਲ ਇਹ ਸੂਚੀ ਖਤਮ ਨਾ ਕਰਵਾ ਸਕੇ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸ. ਬਾਦਲ ਦੋ ਮੂੰਹੀਂ ਰਾਜਨੀਤੀ 'ਤੇ ਚੱਲਦੇ ਹਨ ਅਤੇ ਲੋਕ ਇਸ ਤੋਂ ਚੌਕਸ ਰਹਿਣ।

## ਪਾਕਿ ਗਏ ਖਾੜਕੂਆਂ ਨੂੰ ਵੀ...

ਸਫਾ 1 ਦੀ ਬਾਕੀ

ਕਰੀ ਹੈ ਤਾਂਕਿ ਉਹ ਇਕ ਵਾਰ ਫਿਰ ਆ ਕੇ ਆਪਣੇ ਦੇਸ਼ ਅੰਦਰ ਅਤੇ ਪੰਜਾਬ ਦੀ ਖੁਸ਼ਹਾਲੀ ਵਿੱਚ ਹਿੱਸਾ ਪਾ ਸਕਣ। ਇਹ ਵਿਚਾਰ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਮੰਬਰ ਪਾਰਲੀਮੈਂਟ ਬਠਿੰਡਾ ਨੇ ਅੱਜ ਇੱਥੇ ਨਵੀਂ ਬਣੀ ਪੁਲਿਸ ਲਾਇਨ ਅੰਦਰ ਨਵੇਂ ਬਣੇ ਪੁਲਿਸ ਪਬਲਿਕ ਸਕੂਲ ਦਾ ਨੀਂਹ ਪੱਧਰ ਰੱਖਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਸਮੇਂ ਕਹੇ।

## ਸਪੀਕਰ ਕਾਹਲੋ ਦਾ ਅਸਤੀਫ਼ਾ...

ਸਫਾ 1 ਦੀ ਬਾਕੀ

ਨਕਾਮੀਆਂ ਦਾ ਇਸ ਵਿਸ਼ੇਸ਼ ਰਿਪੋਰਟ ਬਣਾ ਕੇ ਗਵਰਨਰ ਨੂੰ ਦਿੱਤੀ ਜਾਵੇਗੀ। ਮੀਟਿੰਗ ਖਤਮ ਹੋਣ ਉਪਰੰਤ ਪਤਾ ਲੱਗਾ ਕਿ ਸਦਨ ਸੈਸ਼ਨ ਵਿੱਚ ਸ਼ਾਮਲ ਹੋਣ ਦੇ ਮਾਮਲੇ 'ਤੇ ਵਿਧਾਇਕ ਇੱਕ ਰਾਇ ਨਹੀਂ ਸਨ। ਕਾਂਗਰਸੀ ਵਿਧਾਇਕਾਂ 'ਚ ਬੱਜਟ ਸੈਸ਼ਨ ਨੂੰ ਲੈ ਕੇ ਅਲੱਗ–ਅਲੱਗ ਰਾਏ ਵੇਖਣ ਨੂੰ ਮਿਲੀ। ਕੈਪਟਨ ਸਮਾਗਮ ਵਿਧਾਇਕ ਅੱਜ ਦੀ ਬੈਠਕ ਤੋਂ ਵੀ ਨਦਾਰਦ ਰਹੇ।

## ਗ੍ਰਹਿ ਮੰਤਰੀ ਅੱਜ ਰੱਖਣਗੇ...

ਸਫਾ 1 ਦੀ ਬਾਕੀ

ਜਾ ਚੁੱਕੀ ਹੈ। ਇੰਟੈਗਰਲ ਚੈਕ ਪੋਸਟ ਉਪਰ ਆਧੁਨਿਕੀ ਮਸ਼ੀਨਰੀ ਅਤੇ ਬਿਹਤਰ ਸਹੂਲਤਾਂ ਦਿੱਤੀਆਂ ਜਾਣਗੀਆਂ ਇਸ ਵਿੱਚ ਮੁਸਾਫਿਰਾਂ ਲਈ ਭਵਨ ਉਸਾਰਿਆ ਜਾਵੇਗਾ। ਮੁਦਰਾ ਦੇ ਤਬਾਦਲੇ ਦੀ ਸਹੂਲਤ ਹੋਵੇਗੀ। ਇੰਟਰਨੈਟ ਸਹੂਲਤ ਵੀ ਮੁਸਾਫਿਰਾਂ ਨੂੰ ਮੁਹੱਈਆ ਕਰਵਾਈ ਜਾਵੇਗੀ। ਬੈਂਕ, ਕੈਫੇਟ ਏਰੀਆ, ਪਾਰਕਿੰਗ ਅਤੇ ਹੋਰ ਜਨਤਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਕਸਟਮ ਇਮੀਗੇਸ਼ਨ, ਵੇਅਰਹਾਊਸ਼ ਤੇ ਕੋਲਡ ਸਟੋਰ ਵੀ ਵਖਰੀਆਂ ਇਮਾਰਤਾਂ ਬਣਾਈਆਂ ਜਾਣਗੀਆਂ। ਜਾਣ–ਆਉਣ ਵਾਲੇ ਮੁਸਾਫਿਰਾਂ ਦੀ ਸੁਰੱਖਿਆ ਪਾਸੋਂ ਚੈਕਿੰਗ ਲਈ ਸਕੈਨਰਾਂ ਤੋਂ ਇਲਾਵਾ ਕਲੋਜ ਸਰਕਟ, ਟੀ.ਵੀ. ਤੇ ਪਬਲਿਕ ਐਡਰੈਸ ਸਿਸਟਮ ਵੀ ਸਥਾਪਿਤ ਕੀਤਾ ਜਾਵੇਗਾ। ਦਰਾਮਦ ਤੇ ਬਰਾਮਦ ਲਈ ਵੱਖਰੇ–ਵੱਖਰੇ ਗੇਟ ਬਣਾਏ ਜਾਣਗੇ। ਚੈਕ ਪੋਸਟ ਸਥਾਪਿਤ ਹੋਣ ਨਾਲ ਆਉਣ ਜਾਣ ਵਾਲੇ ਮੁਸਾਫਿਰਾਂ ਨੂੰ ਵਧੀਆ ਸਹੂਲਤਾਂ ਮਿਲਣਗੀਆਂ ਤੇ ਭਾਰਤ ਦਾ ਪਾਕਿਸਤਾਨ, ਅਫਗਾਨਿਸਤਾਨ ਦੇਸ਼ਾਂ ਨਾਲ ਵਪਾਰ ਨੂੰ ਵੀ ਉਤਸਾਹ ਮਿਲੇਗਾ।

## ਪੰਜਾਬ ਨੇ ਵਧਾਏ ਖੇਤੀਬਾੜੀ...

ਸਫਾ 1 ਦੀ ਬਾਕੀ

ਉਤਪਾਦਨ ਲਈ ਲਗਾਏ ਜਾ ਰਹੇ 29 ਅਜਿਹੇ ਬਾਇਓਮਾਸ ਪਲਾਂਟਾਂ 'ਚੋਂ ਤੀਸਰਾ ਹੈ। ਪੰਜਾਬ ਵਾਸੀਆਂ ਨੂੰ ਇਸ ਪ੍ਰੋਜੈਕਟ ਲਈ ਵਧਾਈ ਦਿੰਦਿਆਂ ਡਾ: ਫਾਰੂਕ ਅਬਦੁੱਲ੍ਹਾ ਨੇ ਕਿਹਾ ਕਿ ਪੰਜਾਬ ਵੱਲੋਂ ਨਵਿਆਉਣਯੋਗ ਉਰਜਾ ਦੇ ਖੇਤਰ 'ਚ ਮਾਰੀਆਂ ਜਾ ਰਹੀਆਂ ਮੱਲਾਂ ਤੋਂ ਉਤਸ਼ਾਹਿਤ ਹੋ ਕੇ ਉਨ੍ਹਾਂ ਦੇ ਮੰਤਰਾਲੇ ਨੇ ਪੰਜਾਬ ਲਈ 21 ਹੋਰ ਅਜਿਹੇ ਬਿਜਲੀ ਘਰਾਂ ਦੀ ਮਨਜ਼ੂਰੀ ਦੇਣ ਤੋਂ ਇਲਾਵਾ ਸੂਰਜੀ ਉਰਜਾ ਤੇ ਛੋਟੀਆਂ ਪਣ ਤੇ ਹਵਾਈ ਉਰਜਾ ਪ੍ਰੋਜੈਕਟਾਂ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬਿਜਲੀ ਘਰਾਂ ਦੇ ਚੱਲਣ ਨਾਲ ਜਿੱਥੇ ਉਰਜਾ ਪੂਰਤੀ ਦੇ ਨਾਲ–ਨਾਲ ਕਿਸਾਨ ਲਾਭ ਕਮਾ ਸਕਣਗੇ ਉਥੇ ਇਸ ਰਹਿੰਦਖੂੰਦ ਨੂੰ ਖੇਤਾਂ 'ਚ ਸਾੜਨ ਦੇ ਨਾਲ ਹੋਣ ਵਾਲੇ ਪ੍ਰਦੂਸ਼ਨ ਨੂੰ ਵੀ ਰੋਕਿਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਪੰਜਾਬ ਕੁਲ ਬਿਜਲੀ ਉਤਪਾਦਨ ਦਾ 10 ਫੀਸਦੀ ਉਤਪਾਦਨ ਨਵਿਆਉਣਯੋਗ ਸਰੋਤਾਂ ਤੋਂ ਕਰੇਗਾ। ਉਨ੍ਹਾਂ ਕਿਹਾ ਕਿ ਇਸ ਟੀਚੇ ਨੂੰ ਮੱਦੇਨਜ਼ਰ ਰੱਖਦਿਆਂ ਪੰਜਾਬ ਸਹਿਕਾਰਤਾ ਖੇਤਰ 'ਚ ਖੰਡ ਮਿਲਾਂ 'ਚ 200 ਮੈਗਾਵਾਟ ਬਿਜਲੀ ਉਤਪਾਦਨ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਿਜਲੀ ਖੇਤਰ 'ਚ ਸਰਪਲਸ ਸੂਬਾ ਬਨਾਉਣ ਲਈ 6500 ਮੈਗਾਵਾਟ ਬਿਜਲੀ ਉਤਪਾਦਨ ਵਾਲੇ 4 ਸੁਪਰ ਤਾਪ ਬਿਜਲੀ ਘਰਾਂ ਦੇ ਨਾਲ ਨਾਲ ਸਾਲ 2011 ਤੱਕ ਨਵਿਆਉਣਯੋਗ ਸਰੋਤਾਂ ਤੋਂ 700 ਮੈਗਾਵਾਟ ਬਿਜਲੀ ਉਤਪਾਦਨ ਦਾ ਟੀਚਾ ਮਿਥਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਆਮ ਬਲਬਾਂ ਦੀ ਜਗ੍ਹਾ ਸੀ.ਐਫ.ਐਲ ਬਲਬ ਲਗਾ ਕੇ 1700 ਮੈਗਾਵਾਟ ਬਿਜਲੀ ਦੀ ਬਚਤ ਕਰਨ ਦਾ ਟੀਚਾ ਹੈ। ਉਨ੍ਹਾਂ ਦੱਸਿਆ ਕਿ ਇਸੇ ਕੰਪਨੀ ਵੱਲੋਂ ਫਿਰੋਜ਼ਪੁਰ ਤੇ ਮਾਨਸਾ 'ਚ 250 ਕਰੋੜ ਰੁਪਏ ਦੀ ਲਾਗਤ ਨਾਲ 2 ਹੋਰ ਉਰਜਾ ਘਰ ਲਗਾਏ ਜਾ ਰਹੇ ਹਨ। ਇਸ ਤੋਂ ਪਹਿਲਾਂ ਡਾ: ਫਾਰੂਕ ਅਬਦੁੱਲ੍ਹਾ ਨੇ ਉਪ ਮੁਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਅਤੇ ਸੰਸਦ ਮੈਂਬਰ ਸ੍ਰੀ ਨਰੇਸ਼ ਗੁਜਰਾਲ ਦੀ ਹਾਜਰੀ 'ਚ ਯੂਨੀਵਰਸਲ ਬਾਇਓਮਾਸ ਐਨਰਜੀ ਲਿਮਿਟਿਡ ਦੇ ਇਸ ਪਾਵਰ ਪ੍ਰੋਜੈਕਟ ਦਾ ਉਦਘਾਟਨ ਕੀਤਾ। ਇਸ ਉਪਰੰਤ ਡਾ: ਅਬਦੁੱਲਾ ਨੇ ਉਪ ਮੁਖ ਮੰਤਰੀ ਪੰਜਾਬ ਤੇ ਸ੍ਰੀ ਨਰੇਸ਼ ਗੁਜਰਾਲ ਨਾਲ ਪਲਾਂਟ ਦਾ ਜਾਇਜ਼ਾ ਲਿਆ ਅਤੇ ਕੰਪਨੀ ਵੱਲੋਂ ਲਾਈ ਗਈ ਪ੍ਰਦਰਸ਼ਨੀ ਦੇਖੀ।

## ਹਾਰ ਤੋਂ ਨਿਰਾਸ਼ ਹੋਣਾ ਚੰਗੀ...

ਸਫਾ 1 ਦੀ ਬਾਕੀ

ਅੱਤਵਾਦੀ ਹਮਲਿਆਂ ਤੋਂ ਬਾਅਦ ਇਹ ਰਟ ਲਗਾਉਂਦੀ ਆ ਰਹੀ ਸੀ ਕਿ ਜਦੋਂ ਤੱਕ ਪਾਕਿਸਤਾਨ ਇਸ ਹਮਲੇ ਦੇ ਸਾਜਿਸ਼ਕਰਤਾਵਾਂ ਖ਼ਿਲਾਫ ਕਾਰਵਾਈ ਨਹੀਂ ਕਰਦਾ ਅਤੇ ਅੱਤਵਾਦੀ ਢਾਂਚੇ ਨੂੰ ਖ਼ਤਮ ਨਹੀਂ ਕਰਦਾ, ਉਹ ਉਸਦੇ ਨਾਲ ਗੱਲਬਾਤ ਨਹੀਂ ਕਰੇਗੀ ਅਤੇ ਕਿਤੇ ਅਚਾਨਕ ਉਸ ਨੇ ਪਾਕਿਸਤਾਨ ਨਾਲ ਵਿਦੇਸ਼ ਸਕੱਤਰ ਪੱਧਰੀ ਵਾਰਤਾ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਉਹਨਾਂ ਕਿਹਾ ਕਿ ਜੰਮੂ–ਕਸ਼ਮੀਰ ਨੂੰ ਖੁਦ–ਮੁਖਤਿਆਰੀ ਦੇਣ ਅਤੇ ਪਾਕਿਸਤਾਨ ਨਾਲ ਵਾਰਤਾ ਸ਼ੁਰੂ ਕਰਨ ਲਈ ਸਰਕਾਰ ਨੇ ਜੋ ਅਚਾਨਕ ਕਦਮ ਉਠਾਇਆ ਹੈ ਉਸ 'ਤੇ ਅਸੀਂ ਹੈਰਾਨ ਹਨ। ਉਹਨਾਂ ਕਿਹਾ- ਇਹ ਸਰਕਾਰ ਅਜਿਹਾ ਕਿਸ ਤਰ੍ਹਾਂ ਕਰ ਸਕਦੀ ਹੈ, ਅਸੀਂ ਸੋਚ ਵੀ ਨਹੀਂ ਸਕਦੇ।

## ਈਸਾਈ ਭਾਈਚਾਰੇ ਵੱਲੋਂ ਦੁਕਾਨਾਂ...

ਸਫਾ 1 ਦੀ ਬਾਕੀ

ਵਿਖੇ ਭਾਰੀ ਗਿਣਤੀ ਵਿੱਚ ਇਕੱਠੇ ਹੋਏ ਦੰਗਾਕਾਰੀ ਹਜੂਮ ਦੀ ਸ਼ਕਲ ਵਿੱਚ ਸ਼ਾਮ ਦੇ ਕਰੀਬ 4 ਵਜੇ ਕਸਬਾ ਮਜੀਠਾ ਵਿੱਚ ਹੱਥਾਂ ਵਿੱਚ ਨੰਗੀਆਂ ਤਲਵਾਰਾਂ, ਦਾਤਰ, ਡਾਂਗਾਂ ਸੋਟੇ ਲਹਿਰਾਉਂਦੇ ਹੋਏ ਕਸਬੇ ਦੀਆਂ ਦੁਕਾਨਾਂ ਬੰਦ ਕਰਾਉਣ ਲਈ ਆਏ। ਹਜੂਮ ਵੱਲੋਂ ਦੁਕਾਨਾਂ ਦੀ ਭੰਨ ਤੋੜ ਕਰਦਿਆਂ ਨੂੰ ਦੇਖ ਕੇ ਦੁਕਾਨਦਾਰਾਂ ਨੇ ਦੁਕਾਨਾਂ ਬੰਦ ਕਰ ਲਈਆਂ। ਦੰਗਾਕਾਰੀ ਬਜਾਰਾਂ ਵਿੱਚ ਦਹਿਸ਼ਤ ਦਾ ਨੰਗਾ ਨਾਚ ਕਰ ਰਹੇ ਹਨ ਕਿ ਕੁਝ ਕੁਦਾਨਾਂ ਦੀ ਭੰਨ ਤੋੜ ਕੀਤੀ ਗਈ ਅਤੇ ਦੁਕਾਨਾਂ ਦੀ ਕੀਮਤੀ ਸਮਾਨ ਨੂੰ ਨੁਕਸਾਨ ਪਹੁੰਚਾਇਆ ਗਿਆ। ਦੰਗਾਕਾਰੀਆਂ ਵੱਲੋਂ ਬੰਦ ਦੁਕਾਨਾਂ ਦੇ ਸਟਰ ਤੋੜ ਦੇ ਦੇਖ ਕੇ ਦੁਕਾਨਦਾਰਾਂ ਨੇ ਇਕੱਠੇ ਹੋ ਕੇ ਮੁਜਾਹਰਾਕਾਰੀਆਂ ਨੂੰ ਭੱਜਣ ਤੇ ਮਜ਼ਬੂਰ ਕਰ ਦਿੱਤਾ। ਭੱਜਦੇ ਹੋਏ ਮੁਜਾਹਾਕਾਰੀ ਆਪਣੇ ਵਾਹਨ ਮੋਟਰ ਸਾਈਕਲ ਛੱਡ ਗਏ ਜਿਸ ਤੇ ਸ਼ਹਿਰ ਦੇ ਦੁਕਾਨਦਾਰਾਂ ਵੱਲੋਂ ਦੰਗਾਕਾਰੀਆਂ ਦੇ ਮੋਟਰ ਦੀ ਭੰਨ ਤੋੜ ਕਰਕੇ ਅੱਗ ਲਾ ਕੇ ਕਰੀ 20–25 ਮੋਟਰ ਸਾਇਕਲ ਸਾੜ ਦਿੱਤੇ। ਪੁਲਿਸ ਪ੍ਰਸ਼ਾਸਨ ਦੀਆਂ ਵੀ ਆਈ ਪੀ ਡਿਊਟੀ ਲੱਗਣ ਕਾਰਨ ਘੱਟ ਗਿਣਤੀ ਵਿੱਚ ਹੋਣ ਤੇ ਇਹ ਗੁੰਡਾ ਗਰਦੀ ਦਾ ਨੰਗਾ ਨਾਚ ਹੋਇਆ। ਜਦ ਕਿ ਘੱਟ ਗਿਣਤੀ ਵਿੱਚ ਮੁਲਾਜਮ ਹੋਣ ਕਰਕੇ ਇਸ ਹਜੂਮ ਨੂੰ ਕਾਬੂ ਕਰਨ ਵਿੱਚ ਨਾਕਾਮ ਰਹੇ।

# ਸੇਵਾ ਮੁਕਤੀ ਉਮਰ ਵਧਾਏ ਜਾਣ ਨੂੰ ਹਾਈਕੋਰਟ 'ਚ ਚੁਣੌਤੀ

ਚੰਡੀਗੜ੍ਹ, 19 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)–ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀ ਰਿਟਾਇਰਮੈਂਟ ਉਮਰ 'ਚ ਸਵੈਇੱਛੁਕ ਸਕੀਮ ਰਾਹੀਂ ਇੱਕ ਸਾਲ ਦਾ ਵਾਧਾ ਕਰਨ ਦੇ ਫੈਸਲੇ ਨੂੰ ਅੱਜ ਪੰਜਾਬ ਸਰਕਾਰ ਦੇ ਦੋ ਸੀਨੀਅਰ ਮੁਲਾਜ਼ਮਾਂ ਨੇ ਚੁਣੌਤੀ ਦੇ ਦਿੱਤੀ ਹੈ। ਜੱਜ ਸੁਰੀਆਕਾਂਤ 'ਤੇ ਆਧਾਰਤ ਬੈਂਚ ਵੱਲੋਂ ਮਾਮਲੇ ਦੀ ਸੁਣਵਾਈ ਕਰਦੇ ਹੋਏ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਫੂਡ ਸਪਲਾਈ ਵਿਭਾਗ ਦੇ ਕੁਝ ਅਧਿਕਾਰੀਆਂ ਵੱਲੋਂ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਦਾ ਫੈਸਲਾ ਗਲਤ ਹੈ। ਉਨ੍ਹਾਂ ਕਿਹਾ ਕਿ ਜਦੋਂ ਰਿਟਾਇਰਮੈਂਟ ਹੱਦ 58 ਸਾਲ ਹੈ ਤਾਂ ਸਰਕਾਰ ਵੱਲੋਂ ਇੱਕ ਸਾਲ ਦਾ ਵਾਧਾ ਕਿਸ ਅਧਾਰ 'ਤੇ ਕੀਤਾ ਗਿਆ ਹੈ, ਉਨ੍ਹਾਂ ਕਿਹਾ ਕਿ ਕੱਚੇ ਤੌਰ 'ਤੇ ਇੱਕ ਸਾਲ ਦਾ ਵਾਧਾ ਕਰਨ ਨਾਲ ਜਿੱਥੇ ਵਿਭਾਗ 'ਚ ਤਰੱਕੀਆਂ ਰੁਕ ਗਈਆਂ ਹਨ, ਉਥੇ ਹੀ ਜੋ ਮੁਲਾਜ਼ਮ ਪਹਿਲਾਂ ਰਿਟਾਇਰ ਹੋਣੇ ਸਨ ਹੁਣ ਬਾਅਦ ਵਿੱਚ ਰਿਟਾਇਰ ਹੋਣਗੇ। ਯਾਦ ਰਹੇ ਕਿ 22 ਜਨਵਰੀ ਦੀ ਕੈਬਨਿਟ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਇੱਛੁਕ ਤੌਰ 'ਤੇ ਇੱਕ ਸਾਲ ਦਾ ਵਾਧਾ ਸੇਵਾਕਾਲ ਵਿੱਚ ਲੈਣ ਮੁਲਾਜ਼ਮਾਂ ਨੂੰ ਸਕੀਮ ਦਿੱਤੀ ਗਈ ਸੀ, ਜੋ 31 ਦਸੰਬਰ 2010 ਤੱਕ ਲਾਗੂ ਰਹੇਗੀ। ਜੂਨੀਅਰ ਮੁਲਾਜ਼ਮ ਲੰਮੇ ਸਮੇਂ ਤੋਂ ਮੰਗ ਕਰਦੇ ਆ ਰਹੇ ਸਨ ਕਿ ਜੇਕਰ ਸਰਕਾਰ ਨੇ ਉਮਰ ਵਿੱਚ ਵਾਧਾ ਕਰਨਾ ਹੈ ਤਾਂ ਪੱਕੇ ਤੌਰ 'ਤੇ ਕੇਂਦਰ ਸਰਕਾਰ ਦੀ ਤਰਜ 'ਤੇ ਕਰੇ ਤਾਂ ਕਿ ਕਿਸੇ ਵਿਸ਼ੇਸ਼ ਵਰਗ ਨੂੰ ਫਾਇਦਾ ਹੋਵੇ।

## 23 ਨੂੰ ਕੌਮਾਂਤਰੀ ਕਬੱਡੀ....

ਸਫਾ 1 ਦੀ ਬਾਕੀ

ਨਿੱਝਰ ਨੇ ਦੱਸਿਆ ਕਿ ਬਾਪੂ ਮਾਨ ਸਿੰਘ ਦੁਬਈ ਵਾਲੇ ਤੇ ਚਰਨਜੀਵ ਸਿੰਘ ਮਸਿਆਣਾ ਕੋਟ ਕਰਾਰ ਖਾਂ ਵਾਲੇ ਟੀਮਾਂ ਨੂੰ 1 ਲੱਖ 60 ਹਜ਼ਾਰ ਰੁਪਏ ਦੇਣਗੇ। ਉਨ੍ਹਾਂ ਦੱਸਿਆ ਕਿ ਇਸ ਖੇਡ ਮੇਲੇ ਪ੍ਰਤੀ ਆਸ ਪਾਸ ਦੇ ਪਿੰਡਾਂ ਵਿੱਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ ਤੇ ਲੋਕ ਟਰੈਕਟਰ ਟਰਾਲੀਆਂ, ਕਾਰਾਂ, ਜੀਪਾਂ ਤੇ ਹੋਰ ਆਪਣੇ ਆਪਣੇ ਵਹੀਕਲਾਂ 'ਤੇ 23 ਫਰਵਰੀ ਨੂੰ ਵੱਡੀ ਗਿਣਤੀ ਵਿੱਚ ਪੁੱਜ ਰਹੇ ਹਨ। ਇਸ ਮੌਕੇ ਬਲਜੀਤ ਸਿੰਘ ਪੱਡਾ, ਮੁਖਤਿਆਰ ਸਿੰਘ ਪੱਡਾ, ਬਲਜੀਤ ਸਿੰਘ ਵਿਰਕ, ਬਾਂਕਾ ਮਨਸੂਰ ਵਾਲ, ਪਿੱਤਾ ਬੰਡਾਲਾ, ਗੁਰਮੀਤ ਸਿੰਘ ਦਿੱਲੀ, ਜੱਸਾ ਭੰਡਾਲ, ਕਾਲਾ ਖਾਨੋਵਾਲ, ਜਸਵੀਰ ਸਿੰਘ ਮੰਗੀ, ਰੂਬੀ ਟਿੱਬਾ, ਦੇਵ ਖੇੜਾ, ਰਾਜ ਕੁਮਾਰ ਸੱਲਾ, ਸੰਤੋਖ ਸਿੰਘ ਸਫ਼ਰੀ ਆਦਿ ਹਾਜ਼ਰ ਸਨ।

## ਸਾਧੂ ਸਿੰਘ ਤਖਤੂਪੁਰਾ ਨਮਿਤ...

ਸਫਾ 1 ਦੀ ਬਾਕੀ

ਉਗਰਾਹਾਂ ਦੇ ਜਥੇਬੰਦਕ ਸਕੱਤਰ ਸਾਧੂ ਸਿੰਘ ਤਖਤੂਪੁਰਾ ਦਾ ਅੰਤਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਤਖਤੂਪੁਰਾ ਸਾਹਿਬ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਤਖਤੂਪੁਰੇ ਦਾ ਕਤਲ ਬੀਤੇ ਦਿਨ ਪਿੰਡ ਭਿੰਡੀ ਔਲਖ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਗੁੰਡਿਆਂ ਵੱਲੋਂ ਕੀਤਾ ਗਿਆ। ਤਖਤੂਪੁਰਾ ਦੇ ਸੰਸਕਾਰ ਸਮੇਂ ਹਜ਼ਾਰਾਂ ਦੀ ਗਿਣਤੀ ਵਿੱਚ ਇਨਸਾਨ ਤੇ ਜਮਹੂਰੀ ਪਸੰਦ ਲੋਕ ਸ਼ਾਮਲ ਹੋਏ। ਵੱਖ–ਵੱਖ ਜਥੇਬੰਦੀਆਂ ਦੇ ਆਗੂਆਂ ਨੇ ਵਿਸ਼ੇਸ਼ ਸ਼ਮੂਲੀਅਤ ਕੀਤੀ। ਸੰਸਕਾਰ ਤੋਂ ਪਹਿਲਾਂ ਮ੍ਰਿਤਕ ਦੇਹ ਲੁਹਾਰਾ ਦੇ ਹਸਪਤਾਲ ਵਿਖੇ ਫੁੱਲਾਂ ਨਾਲ ਸਜਾ ਕੇ ਰੱਖੀ ਗਈ। ਹਜ਼ਾਰਾਂ ਲੋਕਾਂ ਨੇ ਮ੍ਰਿਤਕ ਦੇਹ ਦੇ ਦਰਸ਼ਨ ਕੀਤੇ। ਕਿਸਾਮ ਆਗੂ ਸਾਧੂ ਸਿੰਘ ਤਖਤੂਪੁਰਾ ਨਮਿਤ 28 ਫਰਵਰੀ ਨੂੰ ਉਨ੍ਹਾਂ ਦੇ ਜੱਦੀ ਪਿੰਡ ਤਖਤੂਪੁਰਾ ਸਾਹਿਬ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ।

## ਆਸਟਰੀਆ ਦੇ ਉੱਪ ਪ੍ਰਧਾਨ...

ਸਫਾ 1 ਦੀ ਬਾਕੀ

ਸੰਖੇਪ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਨੂੰ ਜਾਗਤ ਜੋਤਿ ਸਤਿਗੁਰੂ ਦੇ ਰੂਪ ਵਿੱਚ ਸਵੀਕਾਰਿਆ ਜਾਂਦਾ ਹੈ ਅਤੇ ਸਿੱਖ ਉਨ੍ਹਾਂ ਦੇ ਬਰਾਬਰ ਕਿਸੇ ਦਾ ਵੀ ਗੱਦੀ ਲਾ ਕੇ ਬੈਠਣਾ ਸਹਿਣ ਨਹੀਂ ਕਰ ਸਕਦੇ। ਸ੍ਰ. ਸਰਨਾ ਨੇ ਇਸ ਸੰਦਰਭ ਵਿੱਚ ਵੀਆਨਾ ਵਿਖੇ ਵਾਪਰੇ ਕਾਂਡ ਦੀ ਵੀ ਚਰਚਾ ਕੀਤੀ। ਡਾ. ਜੋਸਫ ਨੇ ਇਸ ਮੌਕੇ 'ਤੇ ਗੁਰਦੁਆਰਾ ਬੰਗਲਾ ਸਾਹਿਬ ਸਥਿਤ ਬਾਬਾ ਬਘੇਲ ਸਿੰਘ ਅਜਾਇਬ ਘਰ ਅਤੇ ਲੰਗਰ ਹਾਲ ਨੂੰ ਵੀ ਵੱਖਿਆ। ਸਿੱਖ ਧਰਮ ਵਿੱਚ ਲੰਗਰ ਦੀ ਪ੍ਰੰਪਰਾ ਬਾਰੇ ਜਾਣਕਾਰੀ ਹਾਸਲ ਕਰਕੇ ਉਹ ਬਹੁਤ ਹੀ ਪ੍ਰਭਾਵਿਤ ਹੋਏ। ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣਾ ਸਨਮਾਨ ਕੀਤੇ ਜਾਣ ਦੇ ਲਈ ਗੁਰਦੁਆਰਾ ਕਮੇਟੀ ਦੇ ਮੁਖੀਆਂ ਦਾ ਧੰਨਵਾਦ ਕੀਤਾ।

## ਭੋਗਪੁਰ ਪੁਲਸ ਨੇ 13 ਸਾਲਾ...

ਸਫਾ 1 ਦੀ ਬਾਕੀ

ਜੋਗਿੰਦਰ ਪਾਲ ਵਾਸੀ ਪਚਰੰਗਾ ਨੂੰ ਪਤਾ ਲੱਗਾ ਤਾਂ ਉਹ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਥਾਣੇ ਪਹੁੰਚਿਆ ਅਤੇ ਨਾਬਾਲਗ ਬੱਚੇ ਨਾਲ ਹੋਈ ਇਸ ਕੁੱਟਮਾਰ ਅਤੇ ਗਾਲੀ–ਗਲੋਚ ਦੀ ਲਿਖਤੀ ਸ਼ਿਕਾਇਤ ਦਿੱਤੀ। ਮਾਮਲਾ ਗਰਨੇ ਉਦਾ ਦੇਖ ਮੁੱਖ ਮੁਨਸ਼ੀ ਨੇ ਤੁਰੰਤ ਦੋਸ਼ੀ ਮੁਲਾਜ਼ਮਾਂ ਨੂੰ ਥਾਣੇ ਬੁਲਾਇਆ ਤਾਂ ਉਕਤ ਮੁਲਾਜ਼ਮਾਂ ਨੇ ਮੁਆਫੀਆਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ। ਮੁਲਾਜ਼ਮ ਵੱਲੋਂ ਵਾਰ–ਵਾਰ ਮੁਆਫੀ ਮੰਗਣ ਦੇ ਬਾਵਜੂਦ ਕਾਰਤਿਕ ਦੇ ਪਰਿਵਾਰਕ ਮੈਂਬਰ ਵਾਪਸ ਆ ਗਏ ਜਦੋਂ ਕਿ ਪੁਲਿਸ ਨੇ ਥਾਣੇ ਵਿੱਚ ਸ਼ਿਕਾਇਤ ਨੰਬਰ 168 ਬੀ.ਐਚ.ਮਿਤੀ 18.2.2010 ਦਰਜ ਕਰ ਲਈ ਹੈ।

## ਮਾਰਕੀਟ ਕਮੇਟੀ ਤਪਾ...

ਸਫਾ 1 ਦੀ ਬਾਕੀ

ਬਣਾਉਣ, ਬਿਜਲੀ ਬੋਰਡ ਦੇ ਗਰਿੱਡਾਂ ਨੂੰ ਬਦਲੇ ਜਾਣ ਦੇ ਮੁੱਦੇ ਵੀ ਉਠਾਏ ਗਏ। ਹਲਕੇ ਅੰਦਰ ਸ਼੍ਰੋਮਣੀ ਅਕਾਲੀ ਦਲ ਨੂੰ ਮਿਲ ਰਹੇ ਪਿਆਰ ਦਾ ਜ਼ਿਕਰ ਵੀ ਕੀਤਾ ਉੱਥੇ ਕੇਂਦਰ ਸਰਕਾਰ ਵੱਲੋਂ ਪੰਜਾਬ ਰਾਜ ਨਾਲ ਕੀਤਾ ਜਾ ਰਿਹਾ ਵਿਤਕਰਾ ਵੀ ਉਠਾਇਆ। ਸਟੇਜ਼ ਸਕੱਤਰ ਦੀ ਭੂਮਿਕਾ ਸ਼੍ਰੋਮਮੀ ਕਮੇਟੀ ਮੈਂਬਰ ਜੱਥੇਦਾਰ ਬਲਦੇਵ ਸਿੰਘ ਚੂੰਘਾ ਨੇ ਬਾਖੂਬੀ ਨਿਭਾਈ। ਇਸ ਮੌਕੇ ਚੇਅਰਮੈਨ ਗੁਰਜੰਟ ਸਿੰਘ ਨੇ ਉਕਤ ਆਗੂਆਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ। ਨਵ ਨਿਯੁਕਤ ਚੇਅਰਮੈਨ ਗੁਰਜੰਟ ਸਿੰਘ ਅਤੇ ਮੈਂਬਰ ਮਾਰਕੀਟ ਕਮੇਟੀ ਪੰਚ ਭੋਲਾ ਸਿੰਘ ਰੂੜੇਕੇ ਕਲਾਂ, ਪੰਚ ਰਾਜਿੰਦਰ ਸਿੰਘ ਉਗੋਕੇ, ਪਚੰ ਰਣਦੀਪ ਸਿੰਘ ਯੂਥ ਆਗੂ, ਮਨਜੀਤ ਸਿੰਘ ਸਾਬਕਾ ਸਰਪੰਚ, ਪੰਚ ਕੌਰ ਸਿੰਘ, ਰਮੇਸ਼ ਸਿੰਘ ਸਾਬਕਾ ਸਰਪੰਚ, ਸੋਹਣ ਸਿੰਘ ਪੰਚ, ਸੁਰੇਸ਼ ਕੁਮਾਰ ਕਾਲਾ ਤਾਜੋ ਆਦਿ ਨੂੰ ਵੀ ਉਕਤ ਆਗੂਆਂ ਵੱਲੋਂ ਸਿਰੋਪਿਆ ਦੀ ਬਖਸ਼ਿਸ਼ ਕੀਤੀ ਗਈ। ਇਸ ਮੌਕੇ ਕੋ–ਆਪ੍ਰੇਟਿਵ ਸੁਸਾਇਟੀ ਦੇ ਪ੍ਰਧਾਨ ਜਗਸੀਰ ਸਿੰਘ ਜੱਗ, ਪੰਚ ਸਾਧੂ ਸਿੰਘ ਔਲਖ, ਪ੍ਰੋਫੈਸਰ ਸੁਖਵਿੰਦਰ ਸਿੰਘ, ਮੇਘ ਰਾਜ ਭੂਤ ਸੀਨੀਅਰ ਅਕਾਲੀ ਆਗੂ, ਚੌਧਰੀ ਰੋਸ਼ਨ ਲਾਲ, ਪੰਚ ਕੁਲਵੀਰ ਸੰਧੂ, ਚਮਕੌਰ ਸਿੰਘ ਧਾਲੀਵਾਲ ਯੂਥ ਵਿੰਗ ਆਗੂ, ਸਰਪੰਚ ਹਰਭਗਵਾਨ ਸਿੰਘ ਕਾਕਾ, ਪੰਚ ਸੁਖਵਿੰਦਰ ਸਿੰਘ ਮੱਖਣ, ਸਰਪੰਚ ਦਲੀਪ ਸਿੰਘ ਜੈਮਲ ਸਿੰਘ ਵਾਲਾ, ਸਰਪੰਚ ਬਲਵੀਰ ਸਿੰਘ ਦਰਾਕਾ, ਮਾਸਟਰ ਅਵਤਾਰ, ਨੰਬਰਦਾਰ ਜਗਤਾਰ ਸਿੰਘ ਬੱਲਾ, ਅਕਾਲੀ ਆਗੂ ਐਸ. ਕੁਮਾਰ, ਗੁਰਮੇਲ ਸਿੰਘ ਮੀਤ ਪ੍ਰਧਾਨ ਕੋ ਆਪ੍ਰੇਟਿਵ ਸੁਸਾਇਟੀ, ਪ੍ਰਧਾਨ ਬਿੰਦਰ ਸਿੰਘ ਨਗਰ ਕੌਂਸਲ, ਬੰਟੀ ਦੀਕਸ਼ਤ ਚੇਅਰਮੈਨ ਪਸਵਕ ਕਮੇਟੀ, ਮਹੰਤ ਹੁਕਮ ਦਾਸ ਬਬਲੀ, ਤਰਲੋਚਨ ਬਾਂਸਲ ਸਾਬਕਾ ਮੀਤ ਪ੍ਰਧਾਨ ਮਦਨ ਲਾਲ ਧੋਲਾ, ਭੋਲਾ ਸਿੰਘ ਵਿਰਕ ਚੇਅਰਮੈਨ ਮਾਰਕੀਟ ਕਮੇਟੀ, ਭਦੌੜ ਕੁਲਵੰਤ ਸਿੰਘ ਬੋਘਾ ਪ੍ਰਧਾਨ ਟਰੱਕ ਯੂਨੀਅਨ ਤਪਾ, ਪ੍ਰਸ਼ੋਤਮ ਬਾਂਸਲ ਮੈਂਬਰ ਸਲਾਹਕਾਰ ਕਮੇਟੀ, ਜੱਥੇਦਾਰ ਰਣਜੀਤ ਸਿੰਘ ਮਾਨ, ਸਾਧੂ ਸਿੰਘ ਧਾਲੀਵਾਲ, ਸਰਪੰਚ ਕੇਵਲ ਸਿੰਘ ਭੈਣੀ ਫੱਤਾ, ਪ੍ਰਮਾ ਸਿੰਘ ਤਾਜੋਕੇ, ਬਲਜੀਤ ਸਿੰਘ ਨੰਬਰਦਾਰ ਘੜੈਲਾ, ਗੁਰਜੰਟ ਸਿੰਘ ਢਿੱਲਵਾਂ, ਸਰਪੰਚ ਗੁਰਨਾਮ ਸਿੰਘ, ਰਾਮ ਸਿੰਘ ਸਾਬਕਾ ਸਰਪੰਚ ਮਹਿਤਾ, ਸਰਪਿੰਦਰ ਸਿੰਘ ਮਹਿਤਾ, ਜੰਗ ਸਿੰਘ ਮੈਨੇਜਰ ਗੁਰਦੁਆਰਾ ਟਿੱਬਾ ਸਾਹਿਬ ਜੀ, ਜੇ. ਈ. ਲਾਭ ਸਿੰਘ ਘੜੈਲਾ ਆਦਿ ਵੀ ਹਾਜਰ ਸਨ। ਮਾਰਕੀਟ ਕਮੇਟੀ ਵਿਖੇ ਮਾਰਕੀਟ ਕਮੇਟੀ ਬੇਅੰਤ ਸਿੰਘ ਮਾਂਗਟ, ਗੁਰਚੇਤਕ ਸਿੰਘ ਚੇਤਾ, ਸੋਨੂੰ ਮਾਂਗਟ, ਜੱਸੀ, ਸੇਵਾ ਸਿੰਘ, ਗੁਰਦੇਵ ਸਿੰਘ, ਗੁਰਤੇਜ ਸਿੰਘ, ਰੇਸ਼ਮ ਸਿੰਘ ਆਦਿ ਕਰਮਚਾਰੀਆਂ ਨੇ ਨਵ ਨਿਯੁਕਤ ਚੇਅਰਮੈਨ ਗੁਰਜੰਟ ਸਿੰਘ ਦਰਾਜ ਨੂੰ ਜੀ ਆਇਆ ਆਖਿਆ।

## ਬਲਾਕ ਪੱਧਰ 'ਤੇ ਹੁਨਰ ਵਿਕਾਸ...

ਸਫਾ 1 ਦੀ ਬਾਕੀ

ਜਿਲ੍ਹਾ ਹੈਡ ਕੁਆਟਰਾਂ 'ਤੇ ਪ੍ਰਾਈਵੇਟ ਸੁਰੱਖਿਆ ਸਿਖਲਾਈ ਇੰਸਟੀਚਿਊਟ ਸਥਾਪਿਤ ਕਰਨ ਦਾ ਵੀ ਐਲਾਨ ਕੀਤਾ ਹੈ ਤਾਂ ਜੋ ਨੌਜਵਾਨਾਂ ਨੂੰ ਪ੍ਰਾਈਵੇਟ ਸੁਰੱਖਿਆ ਸੇਵਾਵਾਂ ਬਾਰੇ ਉਚ ਤਕਨੀਕੀ ਸਿਖਲਾਈ ਦਿੱਤੀ ਜਾ ਸਕੇ। ਇਹ ਇੰਸਟੀਚਿਊਟ ਹੁਸ਼ਿਆਰਪੁਰ ਦੇ ਜਹਾਨ ਖੇਲਾਂ ਵਿਖੇ ਸਕਿਊਰਟੀ ਟ੍ਰੇਨਿੰਗ ਇੰਸਟੀਚਿਊਟ ਦੀ ਤਰਜ 'ਤੇ ਖੋਲ੍ਹੇ ਜਾਣਗੇ। ਰਾਜ ਸਰਕਾਰ ਦੀ ਇਹ ਪਹਿਲ ਕਦਮੀ ਨਾ ਕੇਵਲ ਕੁਝ ਹੱਦ ਤੱਕ ਰੁਜ਼ਗਾਰ ਦੀ ਸਮੱਸਿਆਂ ਨਾਲ ਨਿਪਟੇਗੀ ਸਗੋਂ ਇਹ ਬੇਰੁਜ਼ਗਾਰ ਨੌਜਵਾਨਾਂ ਨੂੰ ਸ਼ਾਨ ਨਾਲ ਜਿੰਦਗੀ ਜਿਊਣ ਲਈ ਵੀ ਮੌਕਾ ਪ੍ਰਦਾਨ ਕਰੇਗੀ ਜੋ ਇਸ ਵੇਲੇ ਆਪਣੇ ਘਰਾਂ ਵਿੱਚ ਵਿਹਲੇ ਬੈਠੇ ਹਨ। ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਤਿਆਰ ਕਾਰਜ ਯੋਜਨਾ ਦਾ ਖੁਲਾਸਾ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਬੇਰੁਜਗਾਰ ਨੌਜਵਾਨਾਂ ਲਈ ਰੁਜਗਾਰ ਦੇ ਮੌਕਿਆਂ ਨੂੰ ਵਧਾਉਣ ਲਈ ਉਨ੍ਹਾਂ ਨੂੰ ਕਿੱਤਾ ਸਿਖਲਾਈ ਦੇਣ ਲਈ ਰਾਜ ਸਰਕਾਰ ਨੇ ਹੁਨਰ ਵਿਕਾਸ ਸਿਖਲਾਈ ਕੇਂਦਰਾਂ ਦਾ ਨੈਟ ਵਰਕ ਸਥਾਪਿਤ ਕਰਨ ਦੀਆਂ ਠੋਸ ਕੋਸ਼ਿਸ਼ਾਂ ਕੀਤੀਆਂ ਹਨ। ਉਨ੍ਹਾਂ ਨੇ ਰਾਜ ਦੇ ਉਦਯੋਗਪਤੀਆਂ ਨੂੰ ਕਿਹਾ ਕਿ ਉਹ ਆਪਣੀਆਂ ਲੋੜਾਂ ਦੇ ਮੁਤਾਬਿਕ ਕਿਰਤ ਸ਼ਕਤੀ ਨੂੰ ਸਿਖਲਾਈ ਦੇਣ ਲਈ ਆਈ.ਟੀ.ਆਈਜ਼ ਚਲਾਉਣ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਟੈਕਸਟਾਈਲ, ਗਾਰਮੈਂਟ, ਆਟੋਮੋਬਾਇਲ, ਹੈਡ ਟੂਲ ਅਤੇ ਐਗਰੋ ਪ੍ਰੋਸੈਸਿੰਗ ਇੰਡਸਟਰੀ ਵਿੱਚ ਸਿਖਿਅਤ ਕਿਰਤ ਸ਼ਕਤੀ ਨੂੰ ਚੌਖਾ ਰੁਜਗਾਰ ਪ੍ਰਾਪਤ ਹੋਵੇਗਾ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਆਪਣੀ ਆਰਥਕ ਦਸ਼ਾ ਸੁਧਾਰਨ ਲਈ ਖੇਤੀ ਖਰਚੇ ਘਟਾਉਣ ਦੀ ਲੋੜ ਤੇ ਜੋਰ ਦਿੰਦੇ ਹੋਏ ਕਿਹਾ ਕਿ ਸਹਿਕਾਰੀ ਸੁਸਾਇਟੀਆਂ ਰਾਹੀ ਸਾਂਝੇ ਖੇਤੀ ਸਾਧਨ ਵਰਤ ਕੇ ਅਜਿਹਾ ਕੀਤਾ ਜਾ ਸਕਦਾ ਹੈ। ਅੱਜ ਉਦਘਾਟਨ ਕੀਤੇ ਗਏ 'ਸਟੇਟ ਇੰਸਟੀਚਿਊਟ ਆਫ ਆਟੋਮੋਟਿਵ ਐਂਡ ਡਰਾਈਵਿੰਗ ਸਿਕੱਲ ਸੈਂਟਰ' ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਸਾਂਝੀ ਕਾਰਜ ਸੰਸਥਾ ਨੂੰ ਨਿਰਵਿਘਨ ਚਲਾਉਣ ਲਈ 'ਸਟੇਟ ਇੰਸਟੀਚਿਊਟ ਆਫ ਆਟੋਮੋਟਿਵ ਐਂਡ ਡਰਾਈਵਿੰਗ ਸਿਕੱਲ' ਦੇ ਨਾਂ ਅਧੀਨ ਇੱਕ ਸੋਸਾਇਟੀ ਸਥਾਪਿਤ ਕੀਤੀ ਗਈ ਹੈ। ਟਾਟਾ ਮੋਟਰਜ਼ ਲਿਮਿਟਡ ਵਲੋਂ ਸੰਸਥਾ ਨੂੰ 2.75 ਕਰੋੜ ਰੁਪਏ ਦੇ ਔਜਾਰ ਅਤੇ ਹੋਰ ਸਾਜੋ ਸਮਾਨ ਸਮੇਤ 11 ਲਾਇਟ ਅਤੇ ਹੈਵੀ ਗੱਡੀਆਂ ਮੁਫਤ ਮੁਹੱਈਆਂ ਕਰਵਾਈਆਂ ਗਈਆਂ ਹਨ ਅਤੇ ਪੰਜਾਬ ਸਰਕਾਰ ਵਲੋਂ 14 ਏਕੜ ਭੂਮੀਂ ਮੁਹੱਈਆ ਕਰਵਾਈ ਗਈ ਹੈ। ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਵਲੋਂ ਸੰਸਥਾਂ ਦੇ ਬੁਨਿਆਦੀ ਢਾਂਚੇ ਲਈ ਵਾਧੂ ਫੰਡ ਮਹੁੱਈਆ ਕਰਵਾਏ ਗਏ ਹਨ ਜਿਸ ਵਿੱਚ ਯੁਵਕਾਂ ਨੂੰ ਡਰਾਈਵਿੰਗ ਸਿਖਲਾਈ ਦੇਣ ਲਈ 6 ਏਕੜ ਦੇ ਖੇਤਰ ਵਿੱਚ ਡਰਾਈਵਿੰਗ ਟਰੈਕ ਆਦਿ ਸ਼ਾਮਲ ਹਨ।ਇਸ ਤੋਂ ਇਲਾਵਾ 85.00 ਲੱਖ ਰੁਪਏ ਦੀ ਲਾਗਤ ਨਾਲ ਡਰਾਈਵਿੰਗ ਸਿਮੁਲੇਟਰਜ ਮੁਹੱਈਆ ਕਰਵਾਏ ਜਾ ਰਹੇ ਹਨ।ਮੁੱਖ ਮੰਤਰੀ ਨੇ ਦੱਸਿਆ ਕਿ ਵੱਖ ਵੱਖ ਕਿੱਤਿਆਂ ਵਿੱਚ ਸਿਖਲਾਈ ਦੇਣ ਦੇ ਮਕਸਦ ਨਾਲ ਵਰਕਸ਼ਾਪ, ਕਲਾਸ ਰੂਮ, ਪ੍ਰਬੰਧਕੀ ਬਲਾਕ, ਲਾਇਬਰੇਰੀ ਆਦਿ ਦੀ ਉਸਾਰੀ ਕੀਤੀ ਗਈ ਹੈ। ਇਸ ਮੌਕੇ ਤੇ ਮੁੱਖ ਮੰਤਰੀ ਨੇ ਪਿੰਡ ਮਹੁਆਣਾ ਦੇ ਮੈਰਿਟ ਵਿਚ ਆਉਣ ਵਾਲੇ 5 ਬੱਚਿਆ ਨੂੰ ਇਸ ਸੰਸਥਾ ਵਿਚ ਮੁਫਤ ਸਿਖਲਾਈ ਦਾ ਵੀ ਐਲਾਨ ਕੀਤਾ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਇਸ ਸੈਂਟਰ ਤੋ ਸਿਖਲਾਈ ਪ੍ਰਾਪਤ ਯੁਵਕਾਂ ਨੂੰ ਇਸੇ ਸੰਸਥਾਂ ਵਿਚ ਹੀ ਡਰਾਇਵਿੰਗ ਲਾਇਸੰਸ ਮੁਹੱਈਆ ਕਰਵਾਏ ਜਾਣਗੇ ਅਤੇ ਉਨ੍ਹਾਂ ਦੀ ਰੁਜਗਾਰ ਪ੍ਰਾਪਤੀ ਲਈ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਟਾਟਾ ਮੋਟਰਸ ਦੇ ਐਮ ਡੀ ਸ੍ਰੀ ਪਰਕਾਸ਼ ਐਮ ਤੇਲੰਗ ਨੂੰ ਅਪੀਲ ਕੀਤੀ ਕਿ ਉਹ ਇਥੋ ਸਿਖਲਾਈ ਪ੍ਰਾਪਤ ਯੁਵਕਾਂ ਨੂੰ ਟਾਟਾ ਦੇ ਸਰਵਿਸ ਸੈਂਟਰਾਂ ਵਿਚ ਰੁਜਗਾਰ ਮੁਹੱਇਆ ਕਰਵਾਉਣ। ਇਸ ਮੌਕੇ ਤੇ ਹੋਰਨਾ ਤੋ ਇਲਾਵਾ ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ, ਮੈਂਬਰ ਪਾਰਲੀਮੈਂਟ ਸ਼ੇਰ ਸਿੰਘ ਘੁਬਾਇਆ, ਵਿਧਾਇਕ ਮਲੋਟ ਸ. ਹਰਪ੍ਰੀਤ ਸਿੰਘ , ਟਾਟਾ ਮੋਟਰਸ ਦੇ ਐਮ ਡੀ ਸ੍ਰੀ ਪਰਕਾਸ਼ ਐਮ ਤੇਲੰਗ, ਅਤੇ ਹੋਰ ਅਧਿਕਾਰੀ, ਸ੍ਰੀ ਐਮ ਕੇ ਸਿਰੂਪਾ, ਡਾਇਰੈਕਟਰ ਆਈ ਆਈ ਟੀ ਰੋਪੜ, ਸ੍ਰੀ ਡੀ ਐਸ ਬੈਸ਼ ਪ੍ਰਮੁੱਖ ਸਕੱਤਰ, ਰੋਜਗਾਰ ਉਤਪਤੀ, ਸ੍ਰੀ ਕੇ ਜੇ ਐਸ ਚੀਮਾ, ਵਿਸ਼ੇਸ਼ ਸਕੱਤਰ, ਮੁੱਖ ਮੰਤਰੀ , ਸ੍ਰੀ ਵਰੁਨ ਰੁਜਮ, ਡੀ ਸੀ ▲ਮੁਕਤਸਰ , ਮਨਵੇਸ਼ ਸਿੰਘ ਸਿੱਧੂ, ਐਮ ਡੀ ਪੀ ਆਰ ਟੀ ਸੀ, ਸ੍ਰੀ ਰਵਿੰਦਰ ਸਿੰਘ ਔਲਖ, ਪ੍ਰਿੰਸੀਪਲ 'ਸਟੇਟ ਇੰਸਟੀਚਿਊਟ ਆਫ ਆਟੋਮੋਟਿਵ ਐਂਡ ਡਰਾਈਵਿੰਗ ਸਕਿੱਲ ਸੈਂਟਰ', ਸ੍ਰੀ ਮਨਜੀਤ ਸਿੰਘ ਬਰਕੰਦੀ ਪ੍ਰਧਾਨ ਜਿਲਾ ਅਕਾਲੀ ਦਲ , ਭਾਈ ਹਰਨਿਰਪਾਲ ਸਿੰਘ ਕੂਕੂ ਸਾਬਕਾ ਐਮ ਐਲ ਏ ਹਾਜ਼ਰ ਸਨ।

## ਪੁਰੇਵਾਲ ਖੇਡ ਮੇਲਾ ਕੱਲ੍ਹ...

ਸਫਾ 1 ਦੀ ਬਾਕੀ

ਸ੍ਰ. ਨਿਰੰਜਨ ਸਿੰਘ ਯਾਦਗਾਰ ਸਟੇਡੀਅਮ ਵਿੱਚ ਆਪਣੀ ਸਰੀਰਕ ਸ਼ਕਤੀ ਦੇ ਜੌਹਰ ਦਿਖਾਉਣ ਲਈ ਕੁਸ਼ਤੀ ਦੇ 7 ਟਾਈਟਲਾਂ ਲਈ ਪੰਜਾਬ ਅਤੇ ਹੋਰਨਾਂ ਰਾਜਾਂ ਤੋਂ 200 ਤੋਂ ਵੱਧ ਪਹਿਲਵਾਨ ਪਿੰਡ ਹਕੀਮਪੁਰ ਪਹੁੰਚ ਚੁੱਕੇ ਹਨ, ਜਿਨ੍ਹਾਂ ਵਿੱਚ ਉਲੰਪੀਅਨ ਪਲਵਿੰਦਰ ਚੀਮਾ, ਰਾਜੀਵ ਤੋਮਰ, ਜੋਗਿੰਦਰ, ਸੁਸ਼ੀਲ, ਨਵਜੋਤ ਕੌਰ, ਮੌਸਮ ਤੇ ਟਾਇਰੀ ਪੁਰੇਵਾਲ ਆਦਿ ਚੋਟੀ ਦੇ ਪਹਿਲਵਾਨ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਦਰਸ਼ਕਾਂ ਦੇ ਬੈਠਣ ਲਈ ਸਟੇਡੀਅਮ ਦੀ ਮੁਰੰਮਤ ਕਰ ਲਈ ਗਈ ਹੈ ਅਤੇ ਬੈਠਣ ਲਈ ਵਿਸ਼ੇਸ਼ ਤੌਰ 'ਤੇ ਕੁਰਸੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਵੱਖ–ਵੱਖ ਖੇਡਾਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲਿਆਂ ਨੂੰ ਸਨਮਾਨਿਤ ਕਰਨ ਦੇ ਨਾਲ–ਨਾਲ ਖੇਡ ਮੇਲੇ ਵਿੱਚ ਵੱਖ–ਵੱਖ ਹੋਰ ਮੁਕਾਬਲਿਆਂ ਵਿੱਚ ਪ੍ਰਾਪਤੀਆਂ ਕਰਨ ਵਾਲੇ ਤਿੰਨ ਵਧੀਆ ਖਿਡਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ੍ਰ. ਕੁਲਤਾਰ ਸਿੰਘ ਪੁਰੇਵਾਲ, ਕੋਚ ਸੁਰੇਸ਼ ਮਾਨ ਨੇ ਦੱਸਿਆ ਕਿ 21 ਫਰਵਰੀ ਨੂੰ ਖੇਡ ਮੇਲੇ ਵਿੱਚ ਪਹਿਲੇ ਦਿਨ ਇਸੇ ਹਲਕੇ ਦੇ ਪਿੰਡ ਕੱਟਾਂ ਦੇ ਜੰਮਪਲ ਉਭਰਦੇ ਕਬੱਡੀ ਖਿਡਾਰੀ ਗੁਰਵਿੰਦਰ ਸਿੰਘ ਸੋਨੂੰ ਨੂੰ ਸਪਲੈਂਡਰ ਮੋਟਰ ਸਾਈਕਲ ਨਾਲ ਸਨਮਾਨਿਤ ਕੀਤਾ ਜਾਵੇਗਾ। ਇਹ ਸਨਮਾਨ ਦੇਣ ਲਈ ਸੰਸਦ ਮੈਂਬਰ ਸ੍ਰ. ਰਵਨੀਤ ਸਿੰਘ ਬਿੱਟੂ ਵਿਸ਼ੇਸ਼ ਤੌਰ 'ਤੇ ਪੁੱਜਣਗੇ। ਇਹ ਸਨਮਾਨ ਪਿੰਡ ਕੱਟਾਂ ਦੇ ਸਰਪੰਚ ਸ੍ਰ. ਜਗਮੋਹਨ ਸਿੰਘ ਹੁਰਾਂ ਵੱਲੋਂ ਪਿੰਡ ਦੇ ਸਹਿਯੋਗ ਨਾਲ ਦਿੱਤਾ ਜਾਵੇਗਾ। 22 ਫਰਵਰੀ ਨੂੰ ਪਿੰਡ ਹਕੀਮਪੁਰ ਦੇ ਜੰਮਪਲ ਉਭਰਦੇ ਕਬੱਡੀ ਖਿਡਾਰੀ ਸ੍ਰੀ ਸੰਦੀਪ ਨੂੰ ਬੁਲਿਟ ਮੋਟਰ ਸਾਈਕਲ ਨਾਲ ਸ੍ਰ. ਹਰਬੰਸ ਸਿੰਘ ਪੁਰੇਵਾਲ ਸਪੋਰਟਸ ਅਕੈਡਮੀ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਸ੍ਰੀ ਸੰਦੀਪ ਨੇ ਲਿੱਤਰਾਂ ਅਕੈਡਮੀ ਵੱਲੋਂ ਖੇਡਦਿਆਂ ਕੈਨੇਡਾ ਵਿੱਚ ਦੋ ਵਾਰੀ ਆਪਣੀ ਸਰੀਰਕ ਸ਼ਕਤੀ ਦਾ ਲੋਹਾ ਮਨਵਾਇਆ ਹੈ। ਇਸੇ ਤਰ੍ਹਾਂ ਕੁਸ਼ਤੀਆਂ ਵਿੱਚ ਵੱਡੀਆਂ ਪ੍ਰਾਪਤੀਆਂ ਕਰਨ ਵਾਲੀ ਨਵਜੋਤ ਕੌਰ ਨੂੰ 22 ਫਰਵਰੀ ਨੂੰ ਪੁਰੇਵਾਲ ਭਰਾਵਾਂ ਮਲਕੀਤ ਸਿੰਘ ਪੁਰੇਵਾਲ, ਚਰਨ ਸਿੰਘ ਪੁਰੇਵਾਲ ਅਤੇ ਗੁਰਜੀਤ ਸਿੰਘ ਪੁਰੇਵਾਲ ਵੱਲੋਂ ਮਾਤਾ ਸੁਰਜੀਤ ਕੌਰ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕਰਦਿਆਂ 25000 ਰੁਪਏ ਦਾ ਨਕਦ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਸ ਖੇਡ ਮੇਲੇ ਵਿੱਚ ਉਘੇ ਸਾਬਕਾ ਖਿਡਾਰੀਆਂ ਅਤੇ ਹੋਰ ਖੇਡ ਪ੍ਰੇਮੀ ਸ਼ਖਸੀਅਤਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਆ ਜਾਵੇਗਾ।

# ...ਬੱਸ 1 ਮਿੰਟ

## ਆਰਥਿਕ ਵਿਕਾਸ ਦਰ 7.2 ਫੀਸਦੀ ਹੋਣ ਦੀ ਸੰਭਾਵਨਾ

ਨਵੀਂ ਦਿੱਲੀ, 19 ਫਰਵਰੀ (ਵਿਸ਼ਵ ਵਾਰਤਾ)–ਚੱਲ ਰਹੇ ਮਾਲੀ ਵਰ੍ਹੇ ਦੌਰਾਨ ਆਰਥਿਕ ਵਿਕਾਸ ਦਰ 7.2 ਫੀਸਦੀ ਹੋਣ ਦੀ ਸੰਭਾਵਨਾ ਹੈ। ਇਹ ਜਾਣਕਾਰੀ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਿਲ ਦੇ ਚੇਅਰਮੈਨ ਡਾ.ਸੀ. ਰੰਗਾਰਾਜਨ ਨੇ ਅੱਜ ਨਵੀਂ ਦਿੱਲੀ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਚਾਲੂ ਮਾਲੀ ਵਰ੍ਹੇ ਦੀ ਆਰਥਿਕ ਸਥਿਤੀ ਦੀ ਜਾਇਜ਼ਾ ਰਿਪੋਰਟ ਪੇਸ਼ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਕੀਤੇ ਗਏ ਯਤਨਾਂ ਸਦਕਾ ਤੀਜੀ ਤੇ ਚੌਥੀ ਤਿਮਾਹੀ ਵਿੱਚ ਵਿਕਾਸ ਵਿਸ਼ੇਸ਼ ਕਰਕੇ ਸਨਅਤੀ ਵਿਕਾਸ ਨੂੰ ਹੱਲਾਸ਼ੇਰੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਦਾਲਾਂ ਦੇ ਉਤਪਾਦਨ ਵਿੱਚ ਪਿਛਲੇ ਸਾਲ ਨਾਲੋਂ ਥੋੜ੍ਹਾ ਵਾਧਾ ਹੋਵੇਗਾ ਤੇ ਕਣਕ ਦੀ ਪੈਦਾਵਾਰ ਪਿਛਲੇ ਸਾਲ ਦੇ ਮੁਕਾਬਲੇ ਬਰਾਬਰ ਹੋਵੇਗੀ। ਸਰਕਾਰ ਦਾ ਕਣਕ ਤੇ ਚੌਲਾਂ ਦਾ ਭੰਡਾਰ ਤਸੱਲੀਬਖ਼ਸ ਰਹੇਗਾ।

## ਅੰਮ੍ਰਿਤਸਰ ਵਿਕਾਸ ਮੰਚ ਵਲੋਂ ਨੀਟਾ ਮਹਿੰਦਰਾ ਨੂੰ ਸੰਗੀਤ ਨਾਟਕ ਅਕੈਡਮੀ ਐਵਾਰਡ ਮਿਲਣ ਤੇ ਖ਼ੁਸ਼ੀ ਦਾ ਪ੍ਰਗਟਾਵਾ

ਅੰਮ੍ਰਿਤਸਰ 19 ਫਰਵਰੀ (ਮੋਤਾ ਸਿੰਘ)–ਅੰਮ੍ਰਿਤਸਰ ਵਿਕਾਸ ਮੰਚ ਵਲੋਂਅੰਮ੍ਰਿਤਸਰ ਦੀ ਉੱਘੀ ਨਾਟਕ ਕਲਾਕਾਰ ਨੀਟਾ ਮਹਿੰਦਰਾ ਨੂੰ ਸੰਗੀਤ ਨਾਟਕ ਅਕੈਡਮੀ ਪੁਰਸਕਾਰ ਮਿਲਣ ਤੇ ਮੰਚ ਦੇ ਪ੍ਰਧਾਨ ਮਨਮੋਹਨ ਸਿੰਘ,ਸਰਪ੍ਰਸਤ ਡਾ:ਚਰਨਜੀਤ ਗੁਮਟਾਲਾ ਤੇ ਪ੍ਰੋਫੈਸਰ ਮੋਹਨ ਸਿੰਘ ਅਤੇ ਜਨਰਲ ਸਕੱਤਰ ਅੰਮ੍ਰਿਤ ਲਾਲ ਮੰਨਣ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਕਿਹਾ ਕਿ ਇਸ ਪੁਰਸਕਾਰ ਦੇ ਮਿਲਣ ਨਾਲ ਸ਼ਹਿਰ ਵਾਸੀਆਂ ਦਾ ਸਿਰ ਫ਼ਖ਼ਰ ਨਾਲ ਉੱਚਾ ਹੋਇਆ ਹੈ।ਪੰਜਾਬੀ ਨਾਟਕ ਮੰਚ ਕਲਾਕਾਰਾਂ ਲਈ ਇਹ ਪੁਰਸਕਾਰ ਹੋਰ ਉਤਸ਼ਾਹ ਪੈਦਾ ਕਰੇਗਾ।ਮੰਚ ਕਾਮਨਾ ਕਰਦਾ ਹੈ ਕਿ ਨੀਟਾ ਮਹਿੰਦਰ ਹੋਰ ਬੁਲੰਦੀਆਂ ਨੂੰ ਛੂਹੇ।ਮੰਚ ਆਗੂਆਂ ਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਅੰਮ੍ਰਿਤਸਰ ਦੇ ਕਲਾਕਾਰ ਨਾਟਕ , ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਉੱਘਾ ਯੋਗਦਾਨ ਪਾ ਰਹੇ ਹਨ ਤੇ ਗੁਰੂ ਕੀ ਨਗਰੀ ਦਾ ਨਾਂ ਰੌਸ਼ਨ ਕਰ ਰਹਿ ਹਨ।

## ਸ਼ੌਰੀਆ ਚੱਕਰ ਵਿਜੈਤਾ ਢਿੱਲੋਂ ਦੇ ਪਿਤਾ ਦਾ ਦੇਹਾਂਤ

ਤਪਾ ਮੰਡੀ 19 ਫਰਵਰੀ (ਯਾਦੂ ਭੁੱਲਰ)– ਪੱਖੋ ਕਲਾਂ ਦੇ ਸ਼ਹੀਦ ਰਣਜੀਤ ਸਿੰਘ ਢਿਲੋਂ (ਸ਼ੌਰੀਆ ਚੱਕਰ) ਦੇ ਪਿਤਾ ਗੁਰਤੇਜ ਸਿੰਘ (65) ਸਾਬਕਾ ਪੰਚ ਦਾ ਅੱਜ ਦੇਹਾਂਤ ਹੋ ਗਿਆ,ਜਿਸ ਦਾ ਪਿੰਡ ਦੇ ਸ਼ਮਸਾਨ ਘਾਟ ਵਿੱਚ ਸਸਕਾਰ ਕਰ ਦਿੱਤਾ। ਉਹ ਪਿਛਲੇ ਦਿਨਾਂ ਤੋਂ ਸੱਟ ਲੱਗਣ ਕਾਰਨ ਡੀ.ਐਮ.ਸੀ. ਲੁਧਿਆਣਾ ਦਾਖਲ ਸਨ। ਉਹਨਾਂ ਦੀ ਮੌਤ ਤੇ ਸਰਪੰਚ ਸ੍ਰੀਮਤੀ ਰਾਜਕਰਨੀ,ਪੰਚ ਸੁਖਜੀਤ ਸਿੰਘ, ਸਾਬਕਾ ਸਰਪੰਚ ਹਰਨੇਕ ਸਿੰਘ,ਯੁਵਕ ਸੇਵਾਵਾਂ ਕਲੱਬ ਦੇ ਪ੍ਰਧਾਨ ਸੁਖਪਾਲ ਸਿੰਘ ਸਮਰਾ,ਕਾਂਗਰਸ ਦੇ ਕਿਸਾਨ ਸੈੱਲ ਦੇ ਜਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ,ਜਥੇਦਾਰ ਅਜੀਤ ਸਿੰਘ,ਮਹਿੰਦਰ ਪਾਲ ਸ਼ਰਮਾਂ,ਕੈਪਟਨ ਜਸਵੰਤ ਸਿੰਘ,ਸੂਬੇਦਾਰ ਹਰਭਜਨ ਸਿੰਘਏ ਤੇ ਹੋਰ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

## ਅੱਜ ਲੋਕ ਅਦਾਲਤ ਬਲਾਚੌਰ ਲੱਗੇਗੀ

ਬਲਾਚੌਰ, 19 ਫਰਵਰੀ (ਪੱਤਰ ਪ੍ਰੇਰਕ)–ਅੱਜ ਬਾਰ ਐਸੋਸੀਏਸ਼ਨ ਬਲਾਚੌਰ ਦੇ ਸੈਕਟਰੀ ਕ੍ਰਿਪਾਲ ਸਿੰਘ ਜੰਡੀ ਐਡਵੋਕੇਟ ਨੇ ਦੱਸਿਆ ਕਿ 20 ਫਰਵਰੀ ਨੂੰ ਸਵੇਰੇ 10.00 ਵਜੇ ਕੋਰਟ ਕੰਪਲੈਕਸ ਬਲਾਚੌਰ ਵਿਖੇ ਸ੍ਰੀ ਵਿਜੈ ਕੁਮਾਰ ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ) ਬਲਾਚੌਰ–ਕਮ–ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀ ਦੀ ਪ੍ਰਧਾਨਗੀ ਹੇਠ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਕਿ ਆਪਸੀ ਸਹਿਮਤੀ ਨਾਲ ਲੋਕਾਂ ਦੇ ਕੋਰਟ ਵਿੱਚ ਚੱਲ ਰਹੇ ਮੁਕੱਦਮਿਆਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਜਾ ਸਕੇ। ਇਸ ਸਬੰਧੀ ਮਾਣਯੋਗ ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ) ਬਲਾਚੌਰ ਵੱਲੋਂ ਅੱਜ ਮੀਟਿੰਗ ਵੀ ਬੁਲਾਈ ਗਈ। ਜਿਸ ਵਿੱਚ ਸ੍ਰੀ ਸੁਖਵਿੰਦਰ ਸਿੰਘ ਢਿੱਲੋਂ, (ਡੀ.ਆਰ.ਓ. ਸ਼ਹੀਦ ਭਗਤ ਸਿੰਘ ਨਗਰ) ਵਾਧੂ ਚਾਰਜ ਐੱਸ.ਡੀ.ਐੱਮ. ਬਲਾਚੌਰ, ਉਪ ਪੁਲਿਸ ਕਪਤਾਨ ਬਲਾਚੌਰ, ਸ. ਜਗਮੋਹਨ ਸਿੰਘ, ਸਹਾਇਕ ਡਿਪਟੀ ਅਟੋਰਨੀ ਰੋਪੜ, ਬੀਬੀ ਵਰਿੰਦਰ ਕੌਰ ਥਾਂਦੀ ਕੌਂਸਲਰ ਤੇ ਡਾ. ਇੰਦਰ ਮੋਹਨ ਕਟਾਰੀਆ ਆਦਿ ਮੈਂਬਰ ਸ਼ਾਮਲ ਹੋਏ ਤਾਂ ਕਿ ਵੱਧ ਤੋਂ ਵੱਧ ਕੇਸਾਂ ਦਾ ਸਮੇਂ ਸਿਰ ਨਿਪਟਾਰਾ ਲੋਕ ਅਦਾਲਤ ਵਿੱਚ ਆਪਸੀ ਸਹਿਮਤੀ ਨਾਲ ਹੋ ਸਕੇ।

## ਅਮਰਿੰਦਰ ਬੇਅੰਤ ਸਬੰਧੀ ਮੀਟਿੰਗ ਫਿਰ ਰਿਹਾ ਗੈਰ-ਹਾਜ਼ਰ

ਚੰਡੀਗੜ੍ਹ, 19 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)–ਉਮੀਦ ਦੇ ਉਲਟ ਅੱਜ ਸਵਰਗੀ ਬੇਅੰਤ ਸਿੰਘ ਦੇ ਜਨਮ ਦਿਵਸ ਮੌਕੇ ਸੈਕਟਰ 42 ਵਿਖੇ ਮਨਾਏ ਗਏ ਸਮਾਗਮ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼ਾਮਲ ਨਹੀਂ ਹੋਏ, ਜਦੋਂ ਕਿ ਸਿਆਸੀ ਹਲਕਿਆਂ ਵਿਚ ਇਹ ਅੰਦਾਜ਼ੇ ਲਾਏ ਜਾ ਰਹੇ ਸਨ ਕਿ ਇਸ ਵਾਰ ਕੈਪਟਨ ਹਰ ਹਾਲਤ ਵਿੱਚ ਮਰਹਮ ਬੇਅੰਤ ਸਿੰਘ ਦੇ ਜਨਮ ਦਿਵਸ ਸਮਾਗਮ ਵਿੱਚ ਸ਼ਾਮਲ ਹੋਣਗੇ। ਇਸ ਸਮਾਗਮ ਵਿੱਚ ਵਿਰੋਧੀ ਧਿਰ ਦੀ ਆਗ ਬੀਬੀ ਰਾਜਿੰਦਰ ਕੌਰ ਭੱਠਲ ਸਹਿਤ ਪ੍ਰਦੇਸ਼ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਸਹਿਤ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਤੋਂ ਇਲਾਵਾ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਤੇ ਹਰਿਆਣਾ ਦੇ ਗਵਰਨਰ ਜਗਨ ਨਾਥ ਪਹਾੜੀਆ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਜ਼ਿਕਰਯੋਗ ਹੈ ਕਿ ਸਿਆਸੀ ਹਲਕਿਆਂ ਵਿੱਚ ਇਹ ਸੰਭਾਵਨਾ ਜਿਤਾਈ ਜਾ ਰਹੀ ਸੀ ਕਿ ਬੇਅੰਤ ਸਿੰਘ ਪਰਿਵਾਰ ਨਾਲ ਕੈਪਟਨ ਨੇ ਇਸ ਵੇਲੇ ਨਿੱਘੇ ਸੰਬੰਧ ਹਨ। ਰਵਨੀਤ ਬਿੱਟੂ ਐੱਮ.ਪੀ. ਤੇ ਗੁਰਕੀਰਤ ਕੋਟਲੀ ਕੋਟਲੀ ਇਸ ਵੇਲੇ ਕੈਪਟਨ ਦੇ ਨਜ਼ਦੀਕੀਆਂ ਵਿੱਚੋਂ ਜਾਣੇ ਜਾਂਦੇ ਸਨ, ਪ੍ਰੰਤ ਸਾਰੀਆਂ ਅਟਕਲਾਂ ਨੂੰ ਰੱਦ ਕਰਦਿਆਂ ਅੱਜ ਕੈਪਟਨ ਨੇ ਨਾ ਪਹੁੰਚ ਕੇ ਬੇਅੰਤ ਸਿੰਘ ਦੀ ਸੋਚ ਤੋਂ ਵੱਖਰੇ ਹੋਣ ਦਾ ਫਿਰ ਤੋਂ ਸਬੂਤ ਦਿੱਤਾ ਹੈ।

## ਬਿਜਲੀ ਬੰਦ ਦੀ ਸੂਚਨਾ

ਜਲੰਧਰ, 19 ਫਰਵਰੀ (ਮਲਕੀਤ ਸਿੰਘ ਬਰਾੜ)–21 ਫਰਵਰੀ ਨੂੰ ਵੱਖ–ਵੱਖ ਸਮੇਂ ਦੌਰਾਨ ਹੇਠ ਲਿਖੇ ਸਬ–ਸਟੇਸ਼ਨਾਂ 'ਤੇ ਜ਼ਰੂਰੀ ਮੁਰੰਮਤ ਕਾਰਨ ਇਨ੍ਹਾਂ ਸਬ ਸਟੇਸ਼ਨਾਂ ਤੋਂ ਚੱਲਦੇ 11 ਕੇ.ਵੀ. ਫੀਡਰ ਬੰਦ ਰਹਿਣਗੇ। 66 ਕੇ.ਵੀ. ਸਬ ਸਟੇਸ਼ਨ ਸਪੋਰਟਸ ਐਂਡ ਸਰਜੀਕਲ ਵਿਦੇਸ਼ ਸੰਚਾਰ, ਬਸਤੀ ਬਾਵਾ ਖੇਲ, ਕਨਾਲ, ਬਸਤੀ ਮਿੱਠੂ, ਨੈਸ਼ਨਲ ਸਤਲੁਜ, ਸਰਜੀਕਲ, ਫਰੈਂਡਜ਼, ਲੈਦਰ ਕੰਪਲੈਕਸ, ਵਰਿਆਣਾ, ਕਪੂਰਥਲਾ ਰੋਡ ਅਤੇ ਸੰਗਲ ਸੋਹਲ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ। 66 ਕੇ.ਵੀ. ਸਬ ਸਟੇਸ਼ਨ ਟੀ.ਵੀ. ਸੈਂਟਰ ਲਿੰਕ ਰੋਡ, ਸ਼ਕਤੀ ਨਗਰ, ਰੈਣਕ ਬਜ਼ਾਰ, ਆਦਰਸ਼ ਨਗਰ, ਤੇਜ ਮੋਹਨ ਨਗਰ, ਬਸਤੀ ਨੌਂ, ਟੀ.ਵੀ. ਸੈਂਟਰ ਅਤੇ ਪਰੂਥੀ ਹਸਪਤਾਲ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ। 66 ਕੇ.ਵੀ. ਸਬ ਸਟੇਸ਼ਨ ਚਿੱਟੀ ਰਾਮਪੁਰ, ਸਿੰਘਾ, ਬਰਾਨੀ ਅੇਤ ਮੀਰਾਂਪੁਰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ, 66 ਕੇ.ਵੀ. ਚੁਗਿਟੀ ਯੂਨੀਵਰਸਿਟੀ, ਚੁਗਿਟੀ, ਲੱਧੇਵਾਲੀ, ਮਾਰਕਫੈੱਡ ਅਤੇ ਡਿਫੈਂਸ ਕਾਲੋਨੀ ਸਵੇਰੇ 10 ਵਜੇ ਤੋਂ 12 ਵਜੇ ਤੱਕ ਬਿਜਲੀ ਬੰਦ ਰਹੇਗੀ।

## ਖੇਡ ਮੇਲਾ ਭਲਕ ਤੋਂ

ਬੰਗਾ, 19 ਫਰਵਰੀ (ਰਾਜ ਮਜਾਰੀ)–ਹਕੀਮਪੁਰ ਵਿਖੇ 21 ਅਤੇ 22 ਫਰਵਰੀ ਨੂੰ ਹੋ ਰਹੇ ਖੇਡ ਮੇਲੇ ਸੰਬੰਧੀ ਸਮਾਂ ਸੂਚੀ ਜਾਰੀ ਕਰ ਦਿੱਤੀ ਗਈ। ਇਸ ਮੌਕੇ ਮੁੱਖ ਪ੍ਰਬੰਧਕ ਗੁਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ 21 ਫਰਵਰੀ ਨੂੰ ਸ੍ਰੀ ਰਾਕੇਸ਼ ਅੱਗਰਵਾਲ ਜ਼ਿਲ੍ਹਾ ਪੁਲਿਸ ਵੱਲੋਂ ਖੇਡ ਮੇਲੇ ਦਾ 10 ਵਜੇ ਉਦਘਾਟਨ ਕਰਨ ਉਪਰੰਤ ਹਲਟ, ਗੱਡੀਆਂ ਅਤੇ ਕੁੱਤਿਆਂ ਦੀਆਂ ਦੌੜਾਂ 11 ਵਜੇ ਨਾਲੋਂ–ਨਾਲ ਸ਼ੁਰੂ ਹੋਣਗੀਆਂ।

## ਹਰਿਆਣਾ ਸਰਕਾਰ ਵੱਲੋਂ ਔਰਤਾਂ ਲਈ ਰਾਹਤ ਦਾ ਪਿਟਾਰਾ ਓਪਨ

ਚੰਡੀਗੜ੍ਹ, 19 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)–ਹਰਿਆਣਾ ਸਰਕਾਰ ਵੱਲੋਂ ਸਰਕਾਰੀ ਨੌਕਰੀ ਕਰ ਰਹੀਆਂ ਔਰਤਾਂ ਲਈ ਰਾਹਤ ਦਾ ਪਿਟਾਰਾ ਖੋਲ੍ਹ ਦਿੱਤਾ ਹੈ। ਸਰਕਾਰ ਵੱਲੋਂ ਦਿੱਤੀ ਗਈ ਰਾਹਤ ਅਨੁਸਾਰ ਸਰਕਾਰੀ ਨੌਕਰੀ ਕਰ ਰਹੀਆਂ ਔਰਤਾਂ ਹੁਣ ਰਿਟਾਇਟਰਮੈਂਟ ਲੈਣ ਲਈ ਜ਼ਰੂਰੀ 20 ਸਾਲ ਦੀ ਸਰਵਿਸ 'ਚੋਂ ਕੇਵਲ ਪੰਜ ਸਾਲ ਕੰਮ ਕਰਕੇ ਰਿਟਾਇਰਮੈਂਟ ਲੈ ਸਕਦੀਆਂ ਹਨ। ਪੰਜਾਬ ਦੇ ਮੁਕਾਬਲੇ ਹਰਿਆਣਾ ਦੀਆਂ ਔਰਤਾਂ ਨੂੰ ਸਰਕਾਰੀ ਨੌਕਰੀ ਕਰਨਾ ਜ਼ਿਆਦਾ ਫਾਇਦੇਮੰਦ ਸਾਬਤ ਹੋ ਰਿਹਾ ਹੈ। ਨਵਜੰਮੇ ਬੱਚੇ ਦੀ ਦੇਖਭਾਲ ਕਰਨ ਲਈ ਹਰਿਆਣਾ ਸਰਕਾਰ ਨੇ ਔਰਤਾਂ ਨੂੰ ਲਗਾਤਾਰ ਦੋ ਸਾਲ ਦੀ ਛੁੱਟੀ ਲੈਣ ਦਾ ਅਧਿਕਾਰ ਦੇ ਦਿੱਤਾ ਹੈ। ਇੱਕ ਅੰਦਾਜ਼ੇ ਅਨੁਸਾਰ ਹਰਿਆਣਾ ਦੀਆਂ ਸਰਕਾਰੀ ਨੌਕਰੀ ਕਰ ਰਹੀਆਂ ਔਰਤਾਂ ਨੂੰ ਇੱਕ ਸਾਲ ਵਿੱਚ ਕੇਵਲ 100 ਦਿਨ ਕੰਮ ਕਰਨਾ ਪੈਂਦਾ ਹੈ ਜਦੋਂ ਕਿ ਅਧਿਆਪਕ ਦੇ ਤੌਰ 'ਤੇ ਕੰਮ ਕਰ ਰਹੀਆਂ ਔਰਤਾਂ ਕੇਵਲ 75 ਦਿਨ ਕੰਮ ਕਰਦੀਆਂ ਹਨ। ਜੇਕਰ ਔਰਤ ਮੁਲਾਜ਼ਮ ਲਗਾਤਾਰ 730 ਦਿਨ ਦੀ ਛੁੱਟੀ ਲਵੇਗੀ ਤਾਂ ਉਸ ਦੀ ਤਨਖਾਹ ਕੱਟੇਗੀ, ਜਦੋਂ ਕਿ ਪੰਜਾਬ ਵਿੱਚ ਕੇਵਲ 6 ਮਹੀਨੇ ਦੀ ਛੁੱਟੀ ਦੀ ਵਿਵਸਥਾ ਹੈ।